# ਕੈਨੇਡੀਅਨ ਪੰਜਾਬੀ ਪੋਸਟ

Award winning newspaper | Canadian Punjabi Post

Vol 19*Issue 68 Tuesday, April 14, 2020 Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper THE ONLY DAILY PUNJABI NEWSPAPER ਹੁਣ ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ



Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

FOR ADVERTISING IN CANADIAN PUNJABI POST CALL: 905-793-2202


## ਓਨਟਾਰੀਓ ਵਿਚ ਸਟੇਟ ਆਫ ਐਮਰਜੰਸੀ ਵਿਚ 12 ਮਈ ਤੱਕ ਹੋਵੇਗਾ ਵਾਧਾ !



ਓਨਟਾਰੀਓ, 13 ਅਪਰੈਲ (ਪੋਸਟ ਬਿਊਰੋ) : ਓਨਟਾਰੀਓ ਵਿੱਚ ਸਟੇਟ ਆਫ ਐਮਰਜੰਸੀ ਅਗਲੇ 28 ਦਿਨਾਂ ਲਈ ਵਧਾਉਣ ਵਾਸਤੇ ਐਮੀਪੀਪੀਜ਼ ਅੱਜ ਕੁਈਨਜ਼ ਪਾਰਕ ਢੁੱਕਣਗੇ।

ਪ੍ਰੀਮੀਅਰ ਡੱਗ ਫੋਰਡ ਨੇ ਦੱਸਿਆ ਕਿ ਮੰਗਲਵਾਰ ਨੂੰ ਦੁਪਹਿਰ 1:00 ਵਜੇ ਪਾਰਲੀਆਮੈਂਟੇਰੀਅਨਜ਼ ਨੂੰ ਵਿਧਾਨ ਸਭਾ ਸੱਦਿਆ ਜਾ ਰਿਹਾ ਹੈ। ਇਸ ਦੌਰਾਨ ਕਰੋਨਾਵਾਇਰਸ ਮਹਾਮਾਰੀ ਦੇ ਮਦੇਨਜ਼ਰ ਕਈ ਅਹਿਮ ਫੈਸਲੇ ਲੈਣ ਤੇ ਕਈ ਮੁੱਦਿਆਂ ਉੱਤੇ ਬਹਿਸ ਲਈ 80 ਮਿੰਟ ਦਾ ਸੈਸ਼ਨ ਰੱਖਿਆ ਜਾਵੇਗਾ। ਆਪਣੀ ਰੋਜ਼ਾਨਾ ਟੈਲੀਕਾਨਫਰੰਸ ਵਿੱਚ ਫੋਰਡ ਨੇ ਆਖਿਆ ਕਿ ਇਸ ਔਖੀ ਘੜੀ ਵਿੱਚ ਵਿਰੋਧੀ ਧਿਰਾਂ ਵੱਲੋਂ ਦਿੱਤੇ ਜਾ ਰਹੇ ਸਹਿਯੋਗ ਲਈ ਉਹ ਉਨ੍ਹਾਂ ਦੇ ਕਾਫੀ ਸ਼ੁਕਰਗੁਜ਼ਾਰ ਹਨ। ਇਸ ਤੋਂ ਪਹਿਲਾਂ ਐਮੀਪੀਪੀਜ਼ 25 ਮਾਰਚ ਨੂੰ ਇੱਕਠੇ ਹੋਏ ਸਨ ਤੇ ਉਸ ਸਮੇਂ ਵਿੱਤ ਮੰਤਰੀ ਰੌਡ ਫਿਲਿਪਸ ਦੇ ਐਮਰਜੰਸੀ ਰਲੀਫ ਪੈਕੇਜ ਨੂੰ ਪਾਸ ਕੀਤਾ ਗਿਆ ਸੀ।

ਮੰਗਲਵਾਰ ਨੂੰ ਵਿਧਾਨ ਸਭਾ ਵਿੱਚ ਸਕੂਲ ਬੋਰਡਜ਼ ਤੇ ਮਿਊਂਸਪੈਲਿਟੀਜ਼ ਨੂੰ ਡਿਵੈਲਪਮੈਂਟ ਚਾਰਜਿਜ਼ ਇੱਕਠੇ ਕਰਨ ਦੀ ਇਜਾਜ਼ਤ ਦੇਣ ਦਾ ਮੁੱਦਾ ਵੀ ਵਿਚਾਰਿਆ ਜਾਵੇਗਾ। ਇਸ ਦੌਰਾਨ ਸਿਰਫ 28 ਐਮਪੀਪੀ ਹੀ ਹਿੱਸਾ ਲੈਣਗੇ। 124 ਮੈਂਬਰੀ ਵਿਧਾਨ ਸਭਾ ਵਿੱਚੋਂ ਸਿਰਫ 28 ਮੈਂਬਰਾਂ ਨੂੰ ਸੱਦਣ ਦਾ ਫੈਸਲਾ ਇੱਕ ਦੂਜੇ ਤੋਂ ਦੋ ਮੀਟਰ ਦੀ ਦੂਰੀ ਬਣਾਈ ਰੱਖਣ ਲਈ ਓਨਟਾਰੀਓ ਦੀ ਫਿਜ਼ੀਕਲ ਡਿਸਟੈਂਸਿੰਗ ਸਬੰਧੀ ਦਿਸ਼ਾ ਨਿਰਦੇਸ਼ਾਂ ਨੂੰ ਮੰਨਣ ਲਈ ਲਿਆ ਗਿਆ ਹੈ।

2 ਮਈ ਤੱਕ ਸਟੇਟ ਆਫ ਐਮਰਜੰਸੀ ਵਿੱਚ ਵਾਧਾ ਕਰਨ ਦੇ ਫੈਸਲੇ ਉੱਤੇ ਜ਼ੋਰ ਦਿੰਦਿਆਂ ਫੋਰਡ ਨੇ ਆਖਿਆ ਕਿ ਹਾਲ ਦੀ ਘੜੀ ਇਹ ਕਹਿਣਾ ਜਲਦਬਾਜ਼ੀ ਹੋਵੇਗੀ ਕਿ 23 ਮਾਰਚ ਤੋਂ ਬੰਦ ਓਨਟਾਰੀਓ ਦੇ ਸਕੂਲ, ਜਿਹੜੇ 4 ਮਈ ਨੂੰ ਖੁੱਲ੍ਹਣੇ ਸਨ, ਹੁਣ ਕਦੋਂ ਖੁੱਲ੍ਹਣਗੇ। ਫੋਰਡ ਨੇ ਆਖਿਆ ਕਿ ਅਸੀਂ ਆਪਣੇ ਚੀਫ ਮੈਡੀਕਲ ਆਫੀਸਰ ਤੇ ਹੈਲਥ ਟੀਮ ਦੀ ਸਲਾਹ ਤੋਂ ਬਿਨਾਂ ਹਾਲ ਦੀ ਘੜੀ ਇਸ ਤਰ੍ਹਾਂ ਦਾ ਕੋਈ ਫੈਸਲਾ ਨਹੀਂ ਲੈ ਸਕਦੇ। ਇਸ ਬਾਰੇ ਅਜੇ ਕੁੱਝ ਕਹਿਣਾ ਠੀਕ ਨਹੀਂ ਹੈ।

## ਕੈਨੇਡੀਅਨ ਏਅਰਲਾਈਨਜ਼ ਨੇ 31 ਮਈ ਤੱਕ ਕੌਮਾਂਤਰੀ ਉਡਾਨਾਂ ਕੀਤੀਆਂ ਸਸਪੈਂਡ




ਓਟਵਾ, 13 ਅਪਰੈਲ (ਪੋਸਟ ਬਿਊਰੋ) : ਏਅਰ ਕੈਨੇਡਾ ਵੱਲੋਂ ਜੂਨ ਤੱਕ ਆਪਣੀਆਂ ਬਹੁਤੀਆਂ ਕੌਮਾਂਤਰੀ ਉਡਾਨਾਂ ਰੱਦ ਕੀਤੀਆਂ ਜਾ ਰਹੀਆਂ ਹਨ ਜਦਕਿ ਏਅਰ ਟਰਾਂਜ਼ੈਟ ਤੇ ਸਨਵਿੰਗ ਏਅਰਲਾਈਨਜ਼ ਲਿਮਟਿਡ 31 ਮਈ ਤੱਕ ਆਪਣੀਆਂ ਸਾਰੀਆਂ ਉਡਾਨਾਂ ਰੱਦ ਕਰ ਰਹੀਆਂ ਹਨ। ਏਅਰਲਾਈਨਜ਼ ਵੱਲੋਂ ਇਹ ਫੈਸਲਾ ਕੋਵਿਡ-19 ਮਹਾਮਾਰੀ ਕਾਰਨ ਲਿਆ ਗਿਆ ਹੈ।

ਏਅਰ ਕੈਨੇਡਾ ਵੱਲੋਂ 160 ਰੂਟਜ਼ ਤੇ ਏਅਰ ਟਰਾਂਜ਼ੈਟ ਤੇ ਸਨਵਿੰਗ ਵੱਲੋਂ ਆਪਣੇ ਸਾਰੇ ਟਰਿੱਪਸ ਇੱਕ ਮਹੀਨੇ ਲਈ ਹੋਰ ਸਸਪੈਂਡ ਕਰਨ ਦਾ ਫੈਸਲਾ ਕੌਮਾਂਤਰੀ ਪੱਧਰ ਉੱਤੇ ਸਰਹੱਦਾਂ ਬੰਦ ਹੋਣ ਤੇ ਟਰੈਵਲ ਦੀ ਮੰਗ ਬਿਲਕੁਲ ਘਟ ਜਾਣ ਕਾਰਨ ਲਿਆ ਗਿਆ। ਮਹਾਮਾਰੀ ਕਾਰਨ ਟਰੈਵਲ ਇੰਡਸਟਰੀ ਨੂੰ ਵੀ ਵੱਡੀ ਢਾਹ ਲੱਗੀ ਹੈ। ਏਅਰ ਕੈਨੇਡਾ ਦਾ ਕਹਿਣਾ ਹੈ ਕਿ ਤਿੰਨ ਮਹਾਦੀਪਾਂ ਉੱਤੇ ਫਸੇ ਕੈਨੇਡੀਅਨਾਂ ਨੂੰ ਵਾਪਿਸ ਲਿਆਉਣ ਲਈ ਕੈਨੇਡਾ ਸਰਕਾਰ ਨਾਲ ਰਲ ਕੇ ਇੱਕਾ ਦੁੱਕਾ ਜਹਾਜ਼ਾਂ ਨੂੰ ਉੱਥੇ ਭੇਜਿਆ ਜਾ ਰਿਹਾ ਹੈ। ...ਬਾਕੀ ਪੰਨਾ 6 'ਤੇ

## ਓਨਟਾਰੀਓ ਵਿੱਚ ਕੋਵਿਡ-19 ਦੇ 465 ਨਵੇਂ ਮਾਮਲੇ ਆਏ ਸਾਹਮਣੇ




ਓਨਟਾਰੀਓ, 13 ਅਪਰੈਲ (ਪੋਸਟ ਬਿਊਰੋ) : ਓਨਟਾਰੀਓ ਵਿੱਚ ਕੋਵਿਡ-19 ਦੇ 465 ਨਵੇਂ ਮਾਮਲੇ ਸਾਹਮਣੇ ਆਏ ਹਨ। ਇਸ ਦੇ ਨਾਲ ਹੀ ਇੱਥੇ ਪਿਛਲੇ 24 ਘੰਟਿਆਂ ਵਿੱਚ 23 ਹੋਰ ਮੌਤਾਂ ਦਰਜ ਕੀਤੀਆਂ ਗਈਆਂ।

ਸੋਮਵਾਰ ਸਵੇਰੇ 5:00 ਵਜੇ ਪ੍ਰੋਵਿੰਸ ਦੀ ਰੀਜਨਲ ਹੈਲਥ ਯੂਨਿਟਸ ਵੱਲੋਂ ਕੋਵਿਡ-19 ਦੇ 8486 ਮਾਮਲਿਆਂ ਦੀ ਪੁਸ਼ਟੀ ਕੀਤੀ ਗਈ ਤੇ ਦੱਸਿਆ ਗਿਆ ਕਿ ਹੁਣ ਤੱਕ ਇਸ ਕਾਰਨ 343 ਮੌਤਾਂ ਹੋ ਚੁੱਕੀਆਂ ਹਨ। ਟੋਰਾਂਟੋ ਵਿੱਚ ਕੋਵਿਡ-19 ਦੇ 2088 ਮਾਮਲੇ ਦੱਸੇ ਜਾ ਰਹੇ ਹਨ ਤੇ ਇੱਥੇ 274 ਮਾਮਲੇ ਸੰਭਾਵੀ ਹਨ। 210 ਲੋਕਾਂ ਨੂੰ ਹਸਪਤਾਲ ਭਰਤੀ ਕਰਵਾਇਆ ਗਿਆ ਹੈ ਤੇ 80 ਆਈਸੀਯੂ ਵਿੱਚ ਦਾਖਲ ਹਨ। ਆਊਟਬ੍ਰੇਕ ਤੋਂ ਲੈ ਕੇ ਹੁਣ ਤੱਕ ਟੋਰਾਂਟੋ ਵਿੱਚ ਇਸ ਮਹਾਮਾਰੀ ਕਾਰਨ 92 ਲੋਕਾਂ ਦੀ ਮੌਤ ਹੋ ਚੁੱਕੀ ਹੈ।

ਇਸ ਦੌਰਾਨ ਪ੍ਰੀਮੀਅਰ ਡੱਗ ਫੋਰਡ ਨੇ ਆਖਿਆ ਕਿ ਕੱਲ ਵਿਧਾਨ ਸਭਾ ਦੀ ਕਾਰਵਾਈ ਸ਼ੁਰੂ ਹੁੰਦੇ ਸਾਰ ਓਨਟਾਰੀਓ ਵਿੱਚ ਸਟੇਟ ਆਫ ਐਮਰਜੰਸੀ ਅਗਲੇ 28 ਦਿਨਾਂ ਲਈ ਹੋਰ ਵਧਾਈ ਜਾਵੇਗੀ। ਫੋਰਡ ਨੇ ਇਹ ਵੀ ਆਖਿਆ ਕਿ ਪ੍ਰੋਵਿੰਸ ਵੱਲੋਂ 13 ਮਿਲੀਅਨ ਮਾਸਕਸ ਮੰਗਵਾ ਲਏ ਗਏ ਹਨ, ਜਿਨ੍ਹਾਂ ਵਿੱਚੋਂ 200,000 ਐਨ95 ਮਾਸਕਸ ਹਨ।

ਸਟਾਪ ਕੋਵਿਡ-19 ਕੈਂਪੇਨ ਨਾਲ ਜੁੜੀ ਵਾਲੰਟੀਅਰਜ਼ ਦੀ ਟੀਮ ਵੱਲੋਂ ਮੰਗਲਵਾਰ ਨੂੰ ਜੀਟੀਏ ਦੇ ਕਈ ਹਸਪਤਾਲਾਂ ਵਿੱਚ 200,000 ਮੈਡੀਕਲ ਮਾਸਕਸ ਮੁਹੱਈਆ ਕਰਵਾਏ ਜਾਣਗੇ। ਡਾ. ਜੋਸਫ ਵੌਂਗ ਦੀ ਅਗਵਾਈ ਵਾਲੀ ਇਹ ਟੀਮ ਸਵੇਰ ਵੇਲੇ ਡਾਊਨਟਾਊਨ ਸਥਿਤ ਹਸਪਤਾਲਾਂ, ਫਿਰ ਸਨੀਬਰੁਕ, ਨੌਰਥ ਯੌਰਕ ਜਨਰਲ ਤੇ ਮਾਰਖਮ ਸਟਫਵਿਲੇ ਵਿੱਚ ਇਹ ਮਾਸਕਸ ਵੰਡੇਗੀ।

ਇਨ੍ਹਾਂ ਵਿੱਚੋਂ ਕੁੱਝ ਮਾਸਕਸ ਲਾਂਗ ਟਰਮ ਕੇਅਰ ਫੈਸਿਲੀਟੀਜ਼ ਨੂੰ ਵੀ ਦਿੱਤੇ ਜਾਣਗੇ। ਵਾਧੂ 300,000 ਮਾਸਕਸ ਦਸ ਤੋਂ 14 ਦਿਨਾਂ ਦੇ ਅੰਦਰ ਅੰਦਰ ਪਹੁੰਚਣ ਦੀ ਸੰਭਾਵਨਾ ਹੈ। ਫਿਰ ਇਹ ਜੀਟੀਏ ਦੀਆਂ ਸਾਰੀਆਂ ਮਿਊਂਸਪੈਲਿਟੀਜ਼ ਵਿੱਚ ਵੀ ਵੰਡੇ ਜਾਣਗੇ।


Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
Life Insurance, Critical illness Ins, Travel & Visitor Ins, RESP & TFSA & RRSP, Super Visa Insurance, Mortgage Insurance, Disability Insurance, Funeral Insurance
SIMRAN SAINI 416.994.7272
www.allkindinsurance.com

INSURANCE
Home, Auto, Business, Trucking, Life Insurance, Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance, Life & Disability, Critical illness, RESP, Visitor & Travel insurance
(416-845-1352) Manwinder Mangat Broker
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ? ਗਾਰਨਿਸ਼ਮੈਂਟ? ਬੈਂਕ ਵਲੋਂ ਪੈਸੇ ਦੀ ਮੰਗ ? ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ? ਮੁਫ਼ਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

You can Place Your Business Here To Reach Wider Audience (905)793-2202

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration, Real Estate / Commercial Law, Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

Mortgage! We Will Beat Any Rate !!!
Purchase || Refinance || Major Banks / Credit Unions || Private Lenders || Second Mortgages-Lowest 6.99 %
The Mortgage Centre | AvonFinancial Inc. Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

HELPING YOU PLAN TODAY...FOR TOMORROW
Supervisa / Visitor Insurance, Life / Mortgage/Funeral Insurance, Disability Insurance, Critical Illness Insurance, RESP / RRSP
www.ufsinsurance.com
JATINDERBIR S BAJWA Insurance Broker Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜ਼ਰੂਰ ਕਰੋ
ਗੋਇਲ ਟਰੈਵਲ 905.796.0000
900 Raylawson Blvd. Unit # 6, Brampton

Law Office of Aman Sharma
Real Estate - Commercial Lease - Business Purchase & Sale - Notarizations & Affidavits - Wills & Power Of Attorney
Tel: 905-913-2355 Fax: 905-913-2344
25 Cherrycrest Drive, Unit # 6 Brampton, ON, L6P 3W4
Aman Sharma Open Saturday
Providing excellent quality legal services to our clients

Super Visa Insurance, Visitor Visa Insurance, Travel Insurance, Student Insurance, New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

HSBA Tax Services
20% Discount For Students, New Immigrants and Senior Citizens
Personal / Corporation Tax, Accounting / Bookkeeping, Business Registrations, HST/WSIB/Payroll, Financial Statements/Audits, Mortgages and Loans
647-720-5278 PRABHJOT KAUR (Sr. Accountant, M.B.A)
77-100 Maritime Ontario Blvd.,Brampton, ON L6S 0E7

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

A1 RENOVATIONS
Commercial & Residential Renovations
**Professional ,Reliable & Experienced**
Services: Painting, Drywalls, Plumbing, Electrical, Flooring, Complete Basement Renovation, Kitchen & Washrooms, Concrete Services (Driveways & Sidewalks)
5-10 % DISCOUNT
Note: Complete basement (passed by city) Certified GasTechnician
Call Bobby Mann today !! 647-407-9595 a1floor_2000@hotmail.com
*Some condition apply

DHINDSA LAW
Barrister, Solicitor & Notary Public
Criminal and Family Law, Immigration, Real Estate, Wills, Affidavits & Notarizations
Special Discount For Student & Senior Citizens
NAVDEEP DHINDSA B-Tech/ LLB
LOCATIONS: 10510 Torbram Rd Unit-J1, Brampton L6R 3N9 (Torbram & Sandalwood) | 330 Highway 7 E, Suite 309, Richmond Hill- L4B 3P8
Call: 437 998 1429

CN Forklift Training Center
Counterbalance All Types, Walkie pallet Low Lift, Electric Motor Narrow Aisle Reach, Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

KELLEY LAW OFFICE
Immigration, Family Law, Corporate, Real Estate, Business Closing, Wills & Estate, Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley 905-362-0755

Royal Pest Control
Residential Commercial Industrial
Specialist in Bedbugs Service
All Pest Control : Mouse & Rats, Spiders & Fleas, Bedbugs, Wasps, Cockroaches, Carpenter Ants, Silver Fish, Racoons
Call : PARESH PATEL 416 938 4598

MANN LAW FIRM
Real Estate Law, Business Law, Wills & Estates, Family Law, Power of Attorney, Civil Litigation, Affidavits Notarization Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9 T: 905 799 9333 www.mannlawfirm.ca

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
Custom Kitchen Cabinets, Completly Furnished Legal Basement, Painting & Flooring
Jaswant Sehmbi: 647.524.0885




GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold
✓ 25x100ft lot
✓ Individual Yard & Driveway
✓ Finished Basement

40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date

Jagdish Grewal
Sales Representative



Residential | Commercial | Investment

(416) 970-5005

Century 21 President Realty Inc Brokerage* Independently Owned and Operated.

www.vipcondonetwork.com
27 Armthorpe Rd Brampton #3, ON L6T 5M4 | Fax : 905-488-2101

Office: 905-488-2100 Ext. 348

AMAN TRAVEL
SPECIAL FARES TO DELHI & AMRITSAR | LAST MINUTE DEALS AVAILABLE
ਅਮਨ ਟਰੈਵਲ
Gaurav Gupta
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
TICO # 50022741
or Visit us at:
218 Kingknoll Dr.,
Brampton,
ON L6Y 4X4

## ਅੱਜ ਨਾਮਾ

ਸੁਫਨਾ ਆਇਆ, ਕਿਸਾਨਾਂ ਨੇ ਕੱਠ ਕੀਤਾ,
ਕਣਕਾਂ ਸਾਂਭਣ ਦੀ ਬਣਤ ਬਣਾਉਣ ਲੱਗੇ।
ਕਹਿੰਦੇ ਪੱਕੀ ਪਈ ਕਣਕ, ਤੇ ਸਾਂਭਣੇ ਲਈ,
ਕੰਬਾਈਨ ਵਾਲੇ ਵੀ ਛੇਤੀ ਨਾ ਆਉਣ ਲੱਗੇ।
ਤੁਰ ਗਏ ਕਾਮੇ ਕੋਰੋਨਾ ਤੋਂ ਡਰਨ ਕਰ ਕੇ,
ਜਲਦੀ ਮੋੜਾ ਨਹੀਂ ਉਹ ਵੀ ਪਾਉਣ ਲੱਗੇ।
ਫਸ ਗਏ ਕਰਿਆ ਕਿਸਾਨਾਂ ਸੀ ਫੇਰ ਏਕਾ,
ਪਿਛਲੇ ਸਮਿਆਂ ਵੱਲ ਮੂੰਹ ਭੰਵਾਉਣ ਲੱਗੇ।
ਕਹਿੰਦੇ ਰਿਹਾ ਨਹੀਂ ਕੋਈ ਜਦ ਹੋਰ ਚੱਕਰ,
ਰਸਤਾ ਪਿਛਲੀ ਰਿਵਾਇਤ ਤੋਂ ਕੱਢੀਏ ਜੀ।
ਬਣਾ ਲਓ ਟੋਲੀਆਂ, ਬੰਨ੍ਹੋ ਖਾਂ ਵਾਰੀਆਂ ਜੀ,
ਮਿਲ ਕੇ ਪਿੰਡ ਦੀ ਕਣਕ ਖੁਦ ਵੱਢੀਏ ਜੀ।

**ਤੀਸ ਮਾਰ ਖਾਂ**

# ਹੈਲਥ ਕੈਨੇਡਾ ਨੇ ਕੋਵਿਡ-19 ਟੈਸਟਿੰਗ ਕਿੱਟਜ਼ ਨੂੰ ਦਿੱਤੀ ਮਨਜ਼ੂਰੀ



ਓਟਵਾ, 13 ਅਪਰੈਲ (ਪੋਸਟ ਬਿਊਰੋ) : ਹੈਲਥ ਕੈਨੇਡਾ ਵੱਲੋਂ ਕੋਵਿਡ-19 ਲਈ ਨਵੇਂ ਰੈਪਿਡ ਟੈਸਟ ਨੂੰ ਮਨਜ਼ੂਰੀ ਦਿੱਤੀ ਗਈ ਹੈ, ਜਿਹੜਾ ਇੱਕ ਘੰਟੇ ਦੇ ਅੰਦਰ ਅੰਦਰ ਨਤੀਜੇ ਦੇ ਸਕਦਾ ਹੈ। ਇਸ ਨਾਲ ਪਬਲਿਕ ਹੈਲਥ ਲੈਬੋਰੇਟਰੀਜ਼ ਉੱਤੇ ਪਿਆ ਬੋਝ ਵੀ ਘੱਟ ਜਾਵੇਗਾ ਤੇ ਟੈਸਟਿੰਗ ਕਿੱਟਜ਼ ਦੀ ਕਿੱਲਤ ਦਾ ਮਾਮਲਾ ਵੀ ਸੁਲਝ ਜਾਵੇਗਾ।

ਓਟਵਾ ਸਥਿਤ ਸਪਾਰਟਨ ਬਾਇਓਸਾਇੰਸ ਨੂੰ ਵੀਕੈਂਡ ਉੱਤੇ ਇਹ ਮਨਜ਼ੂਰੀ ਮਿਲੀ ਤੇ ਉਹ ਸੋਮਵਾਰ ਤੱਕ ਫੈਡਰਲ ਤੇ ਪ੍ਰੋਵਿੰਸ਼ੀਅਲ ਸਰਕਾਰਾਂ ਨੂੰ ਇਹ ਟੈਸਟ ਭੇਜਣੇ ਸ਼ੁਰੂ ਕਰ ਦੇਵੇਗੀ। ਇਹ ਜਾਣਕਾਰੀ ਕੰਪਨੀ ਦੇ ਚੀਫ ਐਗਜ਼ੈਕਟਿਵ ਅਧਿਕਾਰੀ ਨੇ ਦਿੱਤੀ। ਉਨ੍ਹਾਂ ਦੱਸਿਆ ਕਿ ਕੰਪਨੀ ਕੋਲ ਫੈਡਰਲ ਸਰਕਾਰ, ਓਨਟਾਰੀਓ ਤੇ ਕਿਊਬਿਕ ਦੇ ਨਾਲ ਨਾਲ ਅਲਬਰਟਾ ਲਈ ਰੈਪਿਡ ਕੋਵਿਡ-19 ਟੈਸਟ ਕਰਨ ਦਾ ਕਾਂਟਰੈਕਟ ਹੈ। ਡਾ. ਲੈਮ ਨੇ ਆਖਿਆ ਕਿ ਹੋਰ ਪ੍ਰੋਵਿੰਸਾਂ ਵੀ ਕੰਪਨੀ ਨਾਲ ਕੰਮ ਕਰਨ ਲਈ ਨਵੇਂ ਰਾਹ ਲੱਭਣ ਦੀ ਤਿਆਰੀ ਕਰ ਰਹੀਆਂ ਹਨ ਪਰ ਹਾਲ ਦੀ ਘੜੀ ਉਨ੍ਹਾਂ ਦਾ ਐਲਾਨ ਨਹੀਂ ਕੀਤਾ ਗਿਆ।

ਹੁਣ ਤੱਕ ਕੋਵਿਡ-19 ਟੈਸਟਸ ਵੱਡੀਆਂ ਪੌਲੀਮਰੇਸ ਚੇਨ ਰਿਐਕਸ਼ਨ ਮਸ਼ੀਨਾਂ ਰਾਹੀਂ ਕੀਤੇ ਜਾਂਦੇ ਸਨ। ਪਰ ਸਪਾਰਟਨ ਟੈਸਟ ਹੱਥ ਵਿੱਚ ਫੜੇ ਜਾ ਸਕਣ ਵਾਲੇ ਡੀਐਨਏ ਐਨਾਲਾਈਜ਼ਰ ਰਾਹੀਂ ਕੀਤੇ ਜਾਂਦੇ ਹਨ ਜੋ ਕਿ ਹਸਪਤਾਲਾਂ ਤੇ ਹੋਰਨਾਂ ਸੰਸਥਾਵਾਂ ਨੂੰ ਮਰੀਜ਼ਾਂ ਦੀ ਜਾਂਚ ਕਰਨ ਤੇ ਪ੍ਰੋਵਿੰਸ਼ੀਅਲ ਲੈਬ ਵਿੱਚ ਸੈਂਪਲ ਭੇਜਣ ਦੀ ਬਜਾਏ ਥੋੜ੍ਹੇ ਚਿਰ ਵਿੱਚ ਉੱਥੇ ਹੀ ਨਤੀਜੇ ਮੁਹੱਈਆ ਕਰਵਾਉਣ ਦੀ ਸਮਰੱਥਾ ਰੱਖਦੇ ਹਨ।

ਇਹ ਫੈਸਲਾ ਨਾ ਸਿਰਫ ਪੇਂਡੂ ਤੇ ਦੂਰ ਦਰਾਜ ਦੇ ਇਲਾਕਿਆਂ ਲਈ ਅਹਿਮ ਹੈ ਸਗੋਂ ਉਨ੍ਹਾਂ ਮੂਲਵਾਸੀ ਕਮਿਊਨਿਟੀਜ਼ ਲਈ ਵੀ ਫਾਇਦੇਮੰਦ ਹੈ ਜਿਨ੍ਹਾਂ ਦੀ ਵੱਡੀਆਂ ਪੀਸੀਆਰ ਮਸ਼ੀਨਾਂ ਤੱਕ ਕੋਈ ਪਹੁੰਚ ਨਹੀਂ ਹੈ। ਅਜਿਹੇ ਵਿੱਚ ਇਨ੍ਹਾਂ ਨਾਲ ਨਤੀਜੇ ਤੇਜ਼ੀ ਨਾਲ ਮਿਲ ਸਕਿਆ ਕਰਨਗੇ।

# ਸ਼ਿਕਾਇਤਾਂ ਮਿਲਣ ਉਪਰੰਤ ਚੀਨ ਤੋਂ ਆਉਣ ਵਾਲੇ ਸਮਾਨ ਵਿੱਚ ਹੋ ਸਕਦੀ ਹੈ ਦੇਰ



ਬੀਜਿੰਗ, 13 ਅਪਰੈਲ (ਪੋਸਟ ਬਿਊਰੋ) : ਚੀਨ ਦੇ ਅਧਿਕਾਰੀਆਂ ਨੇ ਐਨ95 ਰੈਸਪੀਰੇਟਰਜ਼, ਵੈਂਟੀਲੇਟਰਜ਼ ਤੇ ਹੋਰ ਮੈਡੀਕਲ ਸਪਲਾਈਜ਼ ਦੀ ਕੁਆਲਿਟੀ ਚੈੱਕ ਕਰਨੀ ਸ਼ੁਰੂ ਕਰ ਦਿੱਤੀ ਹੈ। ਇਨ੍ਹਾਂ ਚੀਜ਼ਾਂ ਨੂੰ ਨਿਰਯਾਤ ਕਰਨ ਤੋਂ ਪਹਿਲਾਂ ਹਰੇਕ ਖੇਪ ਨੂੰ ਚੰਗੀ ਤਰ੍ਹਾਂ ਪਰਖਣ ਦਾ ਚੀਨ ਵੱਲੋਂ ਫੈਸਲਾ ਕੀਤਾ ਗਿਆ ਹੈ। ਇਸ ਨਾਲ ਦੁਨੀਆ ਭਰ ਦੇ ਹਸਪਤਾਲ, ਜਿਹੜੇ ਕਰੋਨਾਵਾਇਰਸ ਨਾਲ ਸੰਘਰਸ਼ ਕਰ ਰਹੇ ਹਨ, ਵਿੱਚ ਇਹ ਸਾਜ਼ੋ ਸਮਾਨ ਪਹੁੰਚਣ ਵਿੱਚ ਦੇਰ ਹੋ ਸਕਦੀ ਹੈ।

ਜਨਰਲ ਐਡਮਨਿਸਟ੍ਰੇਸ਼ਨ ਆਫ ਕਸਟਮਜ਼ ਵੱਲੋਂ ਕੀਤੇ ਗਏ ਐਲਾਨ ਤੋਂ ਬਾਅਦ ਸ਼ਨਿੱਚਰਵਾਰ ਨੂੰ ਉਦੋਂ ਤੋਂ ਹੀ ਇਸ ਵਿੱਚ ਦੇਰ ਹੋਣੀ ਸ਼ੁਰੂ ਹੋ ਗਈ ਜਦੋਂ ਤੱਕ ਉਤਪਾਦਕਾਂ,ਫਰੇਟ ਏਜੰਟਾਂ ਤੇ ਟਰੇਡਰਜ਼ ਨੂੰ ਇਹ ਸਮਝ ਆਉਂਦਾ ਕਿ ਇਸ ਦਿੱਕਤ ਨਾਲ ਕਿਵੇਂ ਨਜਿੱਠਿਆ ਜਾਵੇ। ਸ਼ਹਿਰ ਉੱਤੇ ਨਿਰਭਰ ਕਰਦਿਆਂ ਇਹ ਦੇਰੀ ਕੁਝ ਘੰਟਿਆਂ ਤੋਂ ਲੈ ਕੇ ਕੁਝ ਦਿਨਾਂ ਤੱਕ ਹੋ ਸਕਦੀ ਹੈ।

ਇਹ ਨਵੀਂ ਕਸਟਮਜਖ ਨੀਤੀ ਉਸ ਸਮੇਂ ਲਿਆਂਦੀ ਗਈ ਹੈ ਜਦੋਂ ਯੂਰਪ ਤੋਂ ਇਹ ਸ਼ਿਕਾਇਤਾਂ ਮਿਲਣੀਆਂ ਸ਼ੁਰੂ ਹੋਈਆਂ ਕਿ ਚੀਨ ਤੋਂ ਆਉਣ ਵਾਲੀ ਸਪਲਾਈ ਦਾ ਮਿਆਰ ਸਹੀ ਨਹੀਂ ਹੈ। ਚੀਨੀ ਅਧਿਕਾਰੀਆਂ ਨੇ ਇਸ ਦਾ ਜਵਾਬ ਦਿੰਦਿਆਂ ਆਖਿਆ ਕਿ ਇਹ ਸ਼ਿਕਾਇਤਾਂ ਉਨ੍ਹਾਂ ਇੰਡਸਟਰੀਅਲ ਰੈਸਪੀਰੇਟਰਜ਼ ਨੂੰ ਲੈ ਕੇ ਹਨ ਜਿਹੜੇ ਮੈਡੀਕਲ ਵਰਤੋਂ ਲਈ ਬਣਾਏ ਗਏ ਸਨ ਪਰ ਇਹ ਇਨ੍ਹਾਂ ਮਿਆਰਾਂ ਉੱਤੇ ਖਰੇ ਨਹੀਂ ਉਤਰਦੇ।

# ਬੀਸੀ ਦੀ ਪ੍ਰਿਜਨ ਵਿਚ ਕੋਵਿਡ-19 ਦੇ 35 ਮਾਮਲੇ ਆਏ ਸਾਹਮਣੇ



ਬ੍ਰਿਟਿਸ ਕੋਲੰਬੀਆ, 13 ਅਪਰੈਲ (ਪੋਸਟ ਬਿਊਰੋ) : ਬ੍ਰਿਟਿਸ ਕੋਲੰਬੀਆ ਦੇ ਮਿਸਨ ਮੀਡੀਅਮ ਇੰਸਟੀਚਿਊਸਨ ਵਿਚ ਕੋਵਿਡ-19 ਦੇ ਤਿੰਨ ਦਰਜਨ ਮਾਮਲੇ ਸਾਹਮਣੇ ਆਏ ਹਨ। ਇਹ ਕੈਨੇਡਾ ਦੀ ਸਭ ਤੋਂ ਮਾੜੀ ਪ੍ਰਿਜਨ ਆਊਟਬ੍ਰੇਕ ਮੰਨੀ ਜਾ ਰਹੀ ਹੈ।

ਸੋਮਵਾਰ ਨੂੰ ਕੋਰੈਕਸਨਲ ਸਰਵਿਸ ਆਫ ਕੈਨੇਡਾ ਵਲੋਂ ਮਿਸਨ, ਬੀਸੀ ਦੀ ਫਰੇਜਰ ਵੈਲੀ ਟਾਊਨ ਵਿਚ ਦਰਮਿਆਨ ਸਕਿਊਰਿਟੀ ਵਾਲੀ ਜੇਲ੍ਹ ਵਿਚ ਕੋਵਿਡ-19 ਦੇ 35 ਮਾਮਲੇ ਪਾਜੀਟਿਵ ਆਏ। 8 ਅਪਰੈਲ ਤਕ ਰਿਪੋਰਟ ਕੀਤੇ ਗਏ 14 ਮਾਮਲਿਆਂ ਨਾਲੋਂ ਇਹ ਦੁਗਣੇ ਸਨ। ਜੇਲ੍ਹ ਵਿਚ ਕੀਤੇ ਗਏ 54 ਟੈਸਟਸ ਵਿਚੋਂ ਸਿਰਫ ਛੇ ਟੈਸਟ ਹੀ ਨੈਗੇਟਿਵ ਆਏ ਜਦਕਿ 14 ਹੋਰ ਦੇ ਰਿਜਲਟ ਅਜੇ ਪੈਂਡਿੰਗ ਹਨ। ਇਸ ਪ੍ਰਿਜਨ ਦੀ ਸਮਰਥਾ 216 ਕੈਦੀਆਂ ਨੂੰ ਸਾਂਭਣ ਦੀ ਹੈ।

ਕੋਰੈਕਸਨਜ ਕੈਨੇਡਾ ਦੀ ਤਰਜਮਾਨ ਐਥਰ ਮੇਲਹੌਟ ਨੇ ਇਕ ਈਮਲੇ ਵਿਚ ਦਸਿਆ ਕਿ ਇਸ ਸਮੇਂ ਬਾਹਰੀ ਹਸਪਤਾਲ ਵਿਚ ਅਠ ਕੈਦੀਆਂ ਦਾ ਇਲਾਜ ਚਲ ਰਿਹਾ ਹੈ ਤੇ ਬਾਕੀਆਂ ਨੂੰ ਡਿਸਚਾਰਜ ਕਰਨ ਤੋਂ ਬਾਅਦ ਵਾਪਿਸ ਜੇਲ੍ਹ ਭੇਜ ਦਿਤਾ ਗਿਆ ਹੈ। ਇਸ ਦੇ ਨਾਲ ਲਗਦੇ ਘਟ ਤੋਂ ਘਟ ਸਕਿਊਰਿਟੀ ਵਾਲੇ ਇੰਸਟੀਚਿਊਸਨ ਤੋਂ ਕੋਈ ਮਾਮਲਾ ਰਿਪੋਰਟ ਨਹੀਂ ਕੀਤਾ ਗਿਆ ਹੈ।

ਇਸ ਦੌਰਾਨ ਕਿਚਨਰ ਸਥਿਤ ਗ੍ਰੈਂਡ ਵੈਲੀ ਇੰਸਟੀਚਿਊਸਨ ਫੌਰ ਵੂਮਨ ਵਿਚ ਕੋਵਿਡ-19 ਦੇ ਅਠ ਮਾਮਲੇ ਪਾਏ ਗਏ। ਫੈਡਰਲ ਪ੍ਰਿਜਨ ਦਾ ਇਕ ਕੋਰੈਕਸਨਲ ਅਧਿਕਾਰੀ ਵੀ ਪਾਜੀਟਿਵ ਪਾਇਆ ਗਿਆ। ਓਟਵਾ ਤੇ ਪ੍ਰੋਵਿੰਸਾਂ ਵਲੋਂ ਜੇਲ੍ਹ ਤੇ ਪ੍ਰਿਜਨਜ ਦੀ ਆਬਾਦੀ ਘਟਾਉਣ ਦਾ ਐਲਾਨ ਵੀ ਕੀਤਾ ਗਿਆ ਹੈ।

# ਸਰਕਾਰ ਤੇ ਵਿਰੋਧੀ ਧਿਰਾਂ ਨੇ 73 ਬਿਲੀਅਨ ਡਾਲਰ ਦੇ ਵੇਜ ਸਬਸਿਡੀ ਪ੍ਰੋਗਰਾਮ ਨੂੰ ਦਿੱਤੀ ਹਰੀ ਝੰਡੀ



ਓਟਵਾ, 13 ਅਪਰੈਲ (ਪੋਸਟ ਬਿਊਰੋ) : ਕੋਵਿਡ-19 ਮਹਾਮਾਰੀ ਦੌਰਾਨ ਆਰਥਿਕ ਤੰਗੀ ਵਿੱਚੋਂ ਲੰਘ ਰਹੇ ਕਾਰੋਬਾਰਾਂ ਤੇ ਵਰਕਰਾਂ ਦੀ ਮਦਦ ਕਰਨ ਲਈ ਨਿਰਧਾਰਤ 73 ਬਿਲੀਅਨ ਡਾਲਰ ਦੇ ਵੇਜ ਸਬਸਿਡੀ ਪ੍ਰੋਗਰਾਮ ਨੂੰ ਪਾਸ ਕਰਵਾਉਣ ਲਈ ਟਰੂਡੋ ਸਰਕਾਰ ਵਿਰੋਧੀ ਧਿਰਾਂ ਨਾਲ ਡੀਲ ਸਿਰੇ ਚੜ੍ਹਾਉਣ ਵਿੱਚ ਕਾਮਯਾਬ ਹੋ ਗਈ।

ਸ਼ਨਿੱਚਰਵਾਰ ਨੂੰ ਇਸ ਪ੍ਰੋਗਰਾਮ ਨੂੰ ਲਾਗੂ ਕਰਨ ਲਈ ਬਿੱਲ ਉਦੋਂ ਪਾਸ ਹੋ ਸਕਿਆ ਜਦੋਂ ਕੰਜ਼ਰਵੇਟਿਵਾਂ ਨੇ ਲੰਮੇਂ ਸਮੇਂ ਤੱਕ ਸਵਾਲ ਜਵਾਬ ਕਰਕੇ ਬਿੱਲ ਨੂੰ ਪਾਸ ਕਰਨ ਦੀ ਥਾਂ ਉੱਤੇ ਬਿੱਲ ਟਾਈ ਕਰਨ ਦੀ ਆਪਣੀ ਕੋਸ਼ਿਸ਼ ਛੱਡ ਦਿੱਤੀ। ਈਸਟਰ ਦੇ ਮੌਕੇ ਲਾਂਗ ਵੀਕੈਂਡ ਉੱਤੇ ਵਿਲੱਖਣ ਐਮਰਜੰਸੀ ਸਿਟਿੰਗ ਲਈ ਢੁੱਕੇ ਹਾਊਸ ਆਫ ਕਾਮਨਜ਼ ਤੋਂ ਕੁੱਝ ਘੰਟੇ ਪਹਿਲਾਂ ਸਵੇਰ ਵੇਲੇ ਨਿਊਜ਼ ਕਾਨਫਰੰਸ ਵਿੱਚ ਕੰਜ਼ਰਵੇਟਿਵ ਆਗੂ ਐਂਡਰਿਊ ਸ਼ੀਅਰ ਨੇ ਆਖਿਆ ਕਿ ਉਨ੍ਹਾਂ ਦੀ ਪਾਰਟੀ ਬਿੱਲ ਪਾਸ ਕਰਨ ਲਈ ਸਹਿਮਤ ਹੋਈ ਹੈ ਤੇ ਉਹ ਪਾਰਲੀਆਮੈਂਟ ਦੇ ਭਵਿੱਖ ਬਾਰੇ ਬਾਅਦ ਵਿੱਚ ਗੱਲਬਾਤ ਕਰਨਗੇ।

ਇਸ ਬਿੱਲ, ਜਿਸ ਦੇ ਹਾਊਸ ਆਫ ਕਾਮਨਜ਼ ਤੇ ਸੈਨੇਟ ਵਿੱਚ ਪਾਸ ਹੋਣ ਦੇ ਨਾਲ ਨਾਲ ਸ਼ਾਹੀ ਮਨਜ਼ੂਰੀ ਵੀ ਹਾਸਲ ਕਰਨ ਦੀ ਉਮੀਦ ਸੀ, ਤਹਿਤ ਫੈਡਰਲ ਸਰਕਾਰ ਕਰਮਚਾਰੀਆਂ ਵੱਲੋਂ ਕੀਤੀ ਜਾਣ ਵਾਲੇ ਪਹਿਲੇ 58,700 ਡਾਲਰ ਦਾ 75 ਫੀ ਸਦੀ ਅਦਾ ਕਰੇਗੀ। ਜੋ ਕਿ 12 ਹਫਤਿਆਂ ਤੱਕ 847 ਡਾਲਰ ਪ੍ਰਤੀ ਹਫਤਾ ਤੱਕ ਹੋਵੇਗਾ। ਇਹ ਸਬਸਿਡੀ 15 ਮਾਰਚ ਤੋਂ ਹੀ ਲਾਗੂ ਹੋਵੇਗੀ ਤੇ ਉਨ੍ਹਾਂ ਕੰਪਨੀਆਂ ਨੂੰ ਦਿੱਤੀ ਜਾਵੇਗੀ ਜਿਹੜੀਆਂ ਮਾਰਚ ਵਿੱਚ ਆਪਣੀ 15 ਫੀ ਸਦੀ ਕਮਾਈ ਗੁਆ ਚੁੱਕੀਆਂ ਹੋਣਗੀਆਂ ਜਾਂ ਅਪਰੈਲ ਜਾਂ ਮਈ ਵਿੱਚ ਆਪਣੀ 30 ਫੀ ਸਦੀ ਆਮਦਨ ਗੁਆ ਚੁੱਕੀਆਂ ਹੋਣਗੀਆਂ।

ਵਿੱਤ ਮੰਤਰੀ ਬਿੱਲ ਮੌਰਨਿਊ ਨੇ ਆਖਿਆ ਕਿ ਇਹ ਪੈਸਾ ਦੋ ਜਾਂ ਪੰਜ ਹਫਤਿਆਂ ਵਿੱਚ ਮਿਲਣ ਲੱਗੇਗਾ ਕਿਉਂਕਿ ਸਰਕਾਰ ਇਸ ਨੂੰ ਜਲਦ ਤੋਂ ਜਲਦ ਲੋਕਾਂ ਤੱਕ ਪਹੁੰਚਾਉਣਾ ਚਾਹੁੰਦੀ ਹੈ।

# ਇਕੁਆਡੋਰ ਵਿੱਚ ਪੁਲਸ ਨੂੰ ਘਰਾਂ ਦੀ ਤਲਾਸ਼ੀ ਦੌਰਾਨ 800 ਲਾਸ਼ਾਂ ਮਿਲਣ ਨਾਲ ਸਨਸਨੀ ਫੈਲੀ

ਗੁਆਇਕੁਇਲ, 13 ਅਪਰੈਲ, (ਪੋਸਟ ਬਿਊਰੋ)- ਇਕਵਾਡੋਰ ਵਿਚ ਕੋਰੋਨਾ ਵਾਇਰਸ ਦੇ 7,529 ਕੇਸ ਪਤਾ ਲੱਗੇ ਹਨ ਤੇ ਅਧਿਕਾਰਕ ਅੰਕੜਿਆਂ ਮੁਤਾਬਕ 350 ਤੋਂ ਵੱਧ ਲੋਕਾਂ ਦੀ ਮੌਤ ਹੋ ਚੁੱਕੀ ਹੈ। ਦੇਸ਼ ਵਿਚ ਕੋਰੋਨਾ ਵਾਇਰਸ ਦਾ ਕੇਂਦਰ ਮੰਨੇ ਜਾਂਦੇ ਗੁਆਇਕਿਲ ਵਿਚ ਪੁਲਸ ਨੂੰ ਘਰਾਂ ਤਲਾਸ਼ੀ ਵਿੱਚ 800 ਤੋਂ ਵੱਧ ਲਾਸ਼ਾਂ ਮਿਲੀਆਂ ਹਨ।

ਇਸ ਸੰਬੰਧ ਵਿੱਚ ਇਕਵਾਡੋਰ ਪੁਲਸ ਨੇ ਦੱਸਿਆ ਕਿ ਮਾਰੇ ਗਏ ਲੋਕ ਕੋਰੋਨਾ ਵਾਇਰਸ ਨਾਲ ਪਾਜ਼ੇਟਿਵ ਸਨ ਜਾਂ ਨਹੀਂ, ਇਸ ਦੀ ਜਾਂਚ ਚੱਲ ਰਹੀ ਹੈ। ਗਵਾਯਾਕਵਿਲ ਵਿਚ ਹਸਪਤਾਲਾਂ, ਐਮਰਜੈਂਸੀ ਸਰਵਿਸਿਜ਼ ਅਤੇ ਅੰਤਿਮ ਸਸਕਾਰ ਦੀਆਂ ਥਾਵਾਂ ਉੱਤੇ ਭਾਰੀ ਦਬਾਅ ਪਿਆ ਹੋਇਆ ਹੈ। ਇਕੁਆਡੋਰ ਦੇ ਇਸ ਟਾਪੂ ਸ਼ਹਿਰ ਵਿਚ ਲਾਸ਼ਾਂ ਦਫਨਾਉਣ ਦੇ ਕੰਮ ਵਿਚ ਲੱਗੇ ਲੋਕ ਇੰਨੀ ਵੱਡੀ ਗਿਣਤੀ ਵਿਚ ਲਾਸ਼ਾਂ ਦਫਨਾਉਣ ਤੋਂ ਅਸਮਰਥ ਨਜ਼ਰ ਆ ਰਹੇ ਹਨ। ਲੋਕ ਸੋਸ਼ਲ ਮੀਡੀਆ ਉੱਤੇ ਵੀਡੀਓ ਪੋਸਟ ਕਰਦੇ ਹਨ ਤਾਂ ਸੜਕਾਂ ਉੱਤੇ ਲਾਸ਼ਾਂ ਦਿੱਸਦੀਆਂ ਹਨ। ਕੋਰੋਨਾ ਨਾਲ ਨਜਿੱਠਣ ਦੇ ਦੌਰਾਨ ਪੁਲਸ ਨੇ ਐਤਵਾਰ ਨੂੰ ਟਵਿੱਟਰ ਉੱਤੇ ਦੱਸਿਆ ਕਿ ਸਾਂਝੀ ਫੋਰਸ ਨੇ ਪਿਛਲੇ 3 ਹਫਤਿਆਂ ਵਿਚ ਇਕ ਮੁਹਿਮ ਵਿੱਚ ਘਰਾਂ ਤੋਂ 771 ਲਾਸ਼ਾਂ ਤੇ ਹਸਪਤਾਲਾਂ ਤੋਂ ਹੋਰ ਥਾਂਵਾਂ ਤੋਂ 631 ਲਾਸ਼ਾਂ ਲੱਭੀਆਂ ਸਨ। ਪੀੜਤਾਂ ਦੀ ਮੌਤ ਦਾ ਕਾਰਨ ਨਹੀਂ ਦੱਸਿਆ ਗਿਆ ਤੇ ਇਨ੍ਹਾਂ ਵਿਚੋਂ 600 ਲੋਕਾਂ ਦੀਆਂ ਲਾਸ਼ਾਂ ਅਧਿਕਾਰੀਆਂ ਨੇ ਦਫਨਾ ਦਿੱਤੀਆਂ ਹਨ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
DEBT CONSOLIDATION • HOME EQUITY LOANS • HOME RENOVATION
WANT TO GET OUT OF CREDIT CARD DEBT
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS
uktruck1@gmail.com
Jitpal Singh Deol
647-204-1936

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

# ਮਹਾਰਾਸ਼ਟਰ ਵਿੱਚ ਕੋਰੋਨਾ ਦੇ ਕੇਸ ਦੋ ਹਜ਼ਾਰ ਤੋਂ ਟੱਪੇ, ਮੌਤਾਂ ਦੀ ਗਿਣਤੀ 149 ਹੋਈ

## * ਭਾਰਤ ਵਿੱਚ 9,352 ਕੇਸ ਅਤੇ ਮੌਤਾਂ ਦੀ ਗਿਣਤੀ 324 ਨੂੰ ਪੁੱਜੀ

ਨਵੀਂ ਦਿੱਲੀ, 13 ਅਪਰੈਲ, (ਪੋਸਟ ਬਿਊਰੋ)- ਭਾਰਤ ਵਿੱਚ ਕੋਰੋਨਾ ਵਾਇਰਸ ਦਾ ਵਾਧਾ ਰੁਕ ਨਹੀਂ ਰਿਹਾ। ਸੋਮਵਾਰ ਨੂੰ 796 ਨਵੇਂ ਕੇਸ ਪਤਾ ਲੱਗੇ ਹਨ। ਪਿਛਲੇ ਦਿਨ ਦੇ ਮੁਕਾਬਲੇ ਇਹ ਗਿਣਤੀ ਕੁਝ ਘੱਟ ਜ਼ਰੂਰ ਹੈ, ਪਰ ਇਸ ਦੌਰਾਨ ਦੇਸ਼ ਵਿੱਚ ਪ੍ਰਭਾਵਤ ਲੋਕਾਂ ਦੀ ਗਿਣਤੀ 9 ਹਜ਼ਾਰ ਨੂੰ ਪਾਰ ਕਰ ਗਈ ਹੈ।



ਕੇਂਦਰੀ ਸਿਹਤ ਮੰਤਰਾਲੇ ਦੀ ਰਿਪੋਰਟ ਮੁਤਾਬਕ ਦੇਸ਼ ਵਿੱਚ ਬੀਤੇ 24 ਘੰਟਿਆਂ ਵਿੱਚ 35 ਲੋਕਾਂ ਦੀ ਮੌਤ ਹੋ ਗਈ ਅਤੇ ਕੋਰੋਨਾ ਤੋਂ ਪੀੜਤ ਲੋਕਾਂ ਦੀ ਗਿਣਤੀ 9,352 ਹੋ ਜਾਣ ਦੇ ਨਾਲ ਇਸ ਬਿਮਾਰੀ ਕਾਰਨ ਮੌਤਾਂ ਦੀ ਗਿਣਤੀ ਵੀ 335 ਤੱਕ ਚਲੀ ਗਈ ਹੈ। ਉਂਜ ਰਾਜ ਸਰਕਾਰਾਂ ਤੇ ਕੇਂਦਰੀ ਸਿਹਤ ਮੰਤਰਾਲੇ ਤੋਂ ਮਿਲਦੇ ਅੰਕੜਿਆਂ ਵਿੱਚ ਫਰਕ ਨਿਕਲਦਾ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਕੇਂਦਰ ਸਰਕਾਰ ਨੂੰ ਰਾਜਾਂ ਦੇ ਅੰਕੜੇ ਦੇਰੀ ਨਾਲ ਮਿਲਦੇ ਹਨ ਤੇ ਜੋੜਨ ਵਿੱਚ ਵੀ ਸਮਾਂ ਲੱਗਦਾ ਹੈ, ਜਿਸ ਕਾਰਨ ਫਰਕ ਜਾਪਣ ਲੱਗ ਪੈਂਦਾ ਹੈ।

ਮਹਾਰਾਸ਼ਟਰ ਵਿੱਚ ਕੋਰੋਨਾ ਦੇ ਪੀੜਤਾਂ ਦੀ ਗਿਣਤੀ 2334 ਅਤੇ ਦਿੱਲੀ ਵਿੱਚ 1154 ਹੋ ਚੁੱਕੀ ਹੈ। ਬਾਕੀ ਰਾਜਾਂ ਵਿੱਚੋਂ ਤਾਮਿਲ ਨਾਡੂ ਵਿੱਚ 1075, ਰਾਜਸਥਾਨ ਵਿੱਚ 804, ਉੱਤਰ ਪ੍ਰਦੇਸ਼ 563, ਮੱਧ ਪ੍ਰਦੇਸ਼ 532, ਗੁਜਰਾਤ 516, ਤੇਲੰਗਾਨਾ 507, ਆਂਧਰਾ ਪ੍ਰਦੇਸ਼ 427, ਕੇਰਲਾ 376, ਕਰਨਾਟਕਾ 332, ਜੰਮੂ-ਕਸ਼ਮੀਰ 245, ਹਰਿਆਣਾ 185 ਅਤੇ ਪੱਛਮੀ ਬੰਗਾਲ ਵਿੱਚ 152 ਪਤਾ ਲੱਗੇ ਹਨ। ਬਾਕੀ ਰਾਜਾਂ ਵਿੱਚ ਕੇਸਾਂ ਦੀ ਗਿਣਤੀ ਸੌ ਤੋਂ ਹੇਠਾਂ ਦੱਸੀ ਗਈ ਹੈ। ਇਸ ਤੋਂ ਬਿਨਾ ਮਹਾਰਾਸ਼ਟਰ ਵਿੱਚ 149 ਲੋਕਾਂ ਦੀ ਮੌਤ ਹੋ ਚੁੱਕੀ ਹੈ, ਮੱਧ ਪ੍ਰਦੇਸ਼ ਵਿੱਚ 34, ਗੁਜਰਾਤ 26, ਦਿੱਲੀ ਵਿੱਚ 24, ਤੇਲੰਗਾਨਾ ਵਿੱਚ 16, ਪੰਜਾਬ ਵਿੱਚ 13, ਤਾਮਿਲ ਨਾਡੂ ਵਿੱਚ 11 ਮੌਤਾਂ ਹੋਈਆਂ ਹਨ। ਬਾਕੀ ਰਾਜਾਂ ਵਿੱਚ ਮਰਨ ਵਾਲਿਆਂ ਦੀ ਗਿਣਤੀ ਅਜੇ ਤੱਕ ਦਸ ਤੋਂ ਹੇਠਾਂ ਦੱਸੀ ਜਾ ਰਹੀ ਹੈ।

# ਪਾਕਿ ਸੁਪਰੀਮ ਕੋਰਟ ਨੇ ਕੋਰੋਨਾ ਕੇਸਾਂ ਬਾਰੇ ਇਮਰਾਨ ਸਰਕਾਰ ਨੂੰ ਫੇਲ ਕਰਾਰ ਦਿੱਤਾ

ਇਸਲਾਮਾਬਾਦ, 13 ਅਪਰੈਲ, (ਪੋਸਟ ਬਿਊਰੋ)- ਪਾਕਿਸਤਾਨ ਦੀ ਸੁਪਰੀਮ ਕੋਰਟ ਨੇ ਕੋਰੋਨਾ ਦੇ ਫੈਲਣ ਬਾਰੇ ਬਹੁਤ ਹੀ ਲਾਪਰਵਾਹੀ ਲਈ ਇਮਰਾਨ ਖਾਨ ਦੀ ਸਰਕਾਰ ਨੂੰ ਕਰਾਰਾ ਝਟਕਾ ਦਿੱਤਾ ਹੈ।

ਵਰਨਣ ਯੋਗ ਹੈ ਕਿ ਕੋਰੋਨਾ ਦੇ ਕੇਸਾਂ ਦੀ ਲਗਾਤਾਰ ਵਧ ਰਹੀ ਗਿਣਤੀ ਦਾ ਸੁਪਰੀਮ ਕੋਰਟ ਨੇ ਖੁਦ ਨੋਟਿਸ ਲਿਆ ਅਤੇ ਸੁਣਵਾਈ ਕੀਤੀ ਹੈ, ਜਿਸ ਦੌਰਾਨ ਕੋਰਟ ਨੇ ਮਹਾਮਾਰੀ ਦੇ ਟਾਕਰੇ ਲਈ ਇਮਰਾਨ ਖਾਨ ਦੀ ਸਰਕਾਰ ਨੂੰ ਅਸਰਹੀਣ ਕਰਾਰ ਦਿੱਤਾ ਅਤੇ ਪ੍ਰਧਾਨ ਮੰਤਰੀ ਦੇ ਵਿਸ਼ੇਸ਼ ਸਲਾਹਕਾਰ ਜਫਰ ਮਿਰਜ਼ਾ ਨੂੰ ਹਟਾਉਣ ਦਾ ਹੁਕਮ ਵੀ ਦੇ ਦਿੱਤਾ। ਲਿਖਤੀ ਹੁਕਮ ਵਿਚ ਚੀਫ ਜਸਟਿਸ ਨੇ ਮਿਰਜ਼ਾ ਨੂੰ ਹਟਾਉਣ ਦਾ ਜ਼ਿਕਰ ਨਹੀਂ ਕੀਤਾ। ਜ਼ਫਰ ਮਿਰਜ਼ਾ ਪਾਕਿਸਤਾਨ ਵਿਚ ਕੋਰੋਨਾ ਦੇ ਸਾਰੇ ਸੰਕਟ ਨਾਲ ਨਿਪਟਣ ਦੀ ਕਮਾਂਡ ਕਰ ਰਹੇ ਸਨ। ਇਸ ਵਕਤ ਤੱਕ ਪਾਕਿਸਤਾਨ ਵਿੱਚ ਕੋਰੋਨਾ ਨਾਲ ਪੀੜਤ ਕੇਸਾਂ ਦੀ ਗਿਣਤੀ 5496 ਹੋ ਚੁੱਕੀ ਹੈ ਅਤੇ 93 ਮੌਤਾਂ ਹੋ ਚੁੱਕੀਆਂ ਹਨ



ਕੋਰੋਨਾ ਦੇ ਕੇਸਾਂ ਬਾਰੇ ਅਦਾਲਤ ਵਿੱਚ ਸੁਣਵਾਈ ਦੌਰਾਨ ਪੰਜ ਜੱਜਾਂ ਦੀ ਬੈਂਚ ਦੀ ਅਗਵਾਈ ਕਰਦੇ ਹੋਏ ਮੁੱਖ ਜੱਜ ਨੇ ਜ਼ਫਰ ਮਿਰਜ਼ਾ ਦੇ ਕੰਮਾਂ ਉੱਤੇ ਸਵਾਲ ਚੁੱਕਦੇ ਹੋਏ ਕਿਹਾ ਕਿ ਪ੍ਰਧਾਨ ਮੰਤਰੀ ਦੇ ਵਿਸ਼ੇਸ਼ ਸਹਾਇਕ ਦੀ ਟੀਮ ਉੱਤੇ ਕੁਝ ਗੰਭੀਰ ਦੋਸ਼ ਹਨ। ਸਰਕਾਰ ਸਿਰਫ ਅਦਾਲਤ ਨੂੰ ਬੀਮਾਰ ਮਰੀਜ਼ਾਂ ਦੀ ਗਿਣਤੀ ਦੱਸਦੀ ਹੈ। ਆਖਿਰ ਬਿਮਾਰੀ ਰੋਕਣ ਲਈ ਕਾਰਗਰ ਕਦਮ ਕਦੋਂ ਚੁੱਕੇਗੀ, ਜਦੋਂ ਕਿ ਹੋਰ ਦੇਸ਼ ਇਸ ਦੇ ਟਾਕਰੇ ਦੇ ਸਖ਼ਤ ਕਦਮ ਬਹੁਤ ਪਹਿਲਾਂ ਚੁੱਕ ਰਹੇ ਹਨ। ਚੀਫ ਜਸਟਿਸ ਨੇ ਕਿਹਾ ਕਿ ਸਰਕਾਰ ਕੋਲ ਰੈਲੀਆਂ ਕਰਨ ਤੋਂ ਇਲਾਵਾ ਵੀ ਕੰਮ ਹੁੰਦੇ ਹਨ। ਚੀਫ ਜਸਟਿਸ ਨੇ ਇਹ ਸੁਣਵਾਈ 20 ਅਪ੍ਰੈਲ ਤੱਕ ਮੁਲਤਵੀ ਕਰਦੇ ਹੋਏ ਕਿਹਾ ਕਿ ਉਹ ਪੂਰੀ ਗੰਭੀਰਤਾ ਨਾਲ ਟਿੱਪਣੀਆਂ ਕਰ ਰਹੇ ਹਨ। ਕੋਰਟ ਨੇ ਰਾਜ ਸਰਕਾਰਾਂ ਕੋਲੋਂ ਇਨਫੈਕਸ਼ਨ ਰੋਕਣ ਲਈ ਚੁੱਕੇ ਗਏ ਕਦਮਾਂ ਦਾ ਵੇਰਵਾ ਵੀ ਤਲਬ ਕੀਤਾ ਹੈ।

ਇਸ ਦੇ ਬਾਅਦ ਅਟਾਰਨੀ ਜਨਰਲ ਖਾਲਿਦ ਜਾਵੇਦ ਖਾਨ ਨੇ ਕਿਹਾ ਹੈ ਕਿ ਸੁਪਰੀਮ ਕੋਰਟ ਵੱਲੋਂ ਜਫਰ ਮਿਰਜ਼ਾ ਨੂੰ ਹਟਾਉਣ ਬਾਰੇ ਟਿੱਪਣੀਆਂ ਮਹਾਮਾਰੀ ਨਾਲ ਸਿੱਝਣ ਲਈ ਸਰਕਾਰ ਦੀਆਂ ਕੋਸ਼ਿਸ਼ਾਂ ਨੂੰ ਨੁਕਸਾਨ ਪੁਚਾਉਣਗੀਆਂ। ਉਨ੍ਹਾਂ ਨੇ ਕਿਹਾ ਕਿ ਬਿਮਾਰੀ ਸਿਖਰ ਉੱਤੇ ਹੁੰਦੇ ਹੋਏ ਪ੍ਰਧਾਨ ਮੰਤਰੀ ਦੇ ਵਿਸ਼ੇਸ਼ ਸਲਾਹਕਾਰ ਨੂੰ ਹਟਾਉਣਾ ਗਲਤ ਹੋਵੇਗਾ। ਦੇਸ਼ ਵਿਚ ਕੋਰੋਨਾ ਦੇ ਵਾਇਰਸ ਤੋਂ ਸਭ ਤੋਂ ਵੱਧ ਪ੍ਰਭਾਵਤ ਪੰਜਾਬ ਵਿੱਚ ਇਸ ਵੇਲੇ ਤੱਕ 2,594 ਕੇਸ, ਸਿੰਧ ਵਿੱਚ 1,411, ਖੈਬਰ ਪਖਤੂਨਖਵਾ 744, ਬਲੋਚਿਸਤਾਨ 230, ਗਿਲਗਿਤ-ਬਾਲਟਿਸਤਾਨ 224, ਇਸਲਾਮਾਬਾਦ 131 ਅਤੇ ਪਾਕਿ ਦੇ ਕਬਜ਼ੇ ਵਾਲੇ ਕਸ਼ਮੀਰ ਵਿਚ 40 ਕੇਸ ਪਤਾ ਲੱਗੇ ਹਨ।

# ਪੰਜਾਬ ਵਿੱਚ ਪਾਜ਼ੇਟਿਵ ਕੇਸਾਂ ਦੀ ਗਿਣਤੀ 180 ਤੱਕ ਜਾ ਪਹੁੰਚੀ

ਚੰਡੀਗੜ੍ਹ, 13 ਅਪਰੈਲ, (ਪੋਸਟ ਬਿਊਰੋ)- ਪੰਜਾਬ ਵਿੱਚ ਕੋਰੋਨਾ ਦੇ ਪੀੜਤ ਕੇਸਾਂ ਦੀ ਗਿਣਤੀ 180 ਤੱਕ ਚਲੀ ਗਈ ਹੈ। ਇਨ੍ਹਾਂ ਵਿਚੋਂ ਸਭ ਤੋਂ ਵੱਧ ਮਾਰ ਮੋਹਾਲੀ ਜ਼ਿਲੇ ਵਿੱਚ ਪੈ ਰਹੀ ਹੈ।

ਅੱਜ ਸੋਮਵਾਰ ਨੂੰ ਲੁਧਿਆਣੇ ਵਿਚ ਪੰਜਾਬ ਪੁਲਸ ਦੇ ਏ ਸੀ ਪੀ (ਨਾਰਥ) ਅਨਿਲ ਕੋਹਲੀ (52 ਸਾਲ) ਨੂੰ ਕੋਰੋਨਾ ਦੇ ਕਾਰਨ ਹਸਪਤਾਲ ਦਾਖ਼ਲ ਕਰਾਇਆ ਗਿਆ ਹੈ। ਸਾਹ ਲੈਣ ਦੀ ਔਖ ਕਾਰਨ ਉਨ੍ਹਾਂ ਨੂੰ ਵੈਂਟੀਲੇਟਰ ਉੱਤੇ ਰੱਖਿਆ ਹੈ ਤੇ ਉਨ੍ਹਾਂ ਦੀ ਹਾਲਤ ਨਾਜ਼ੁਕ ਦੱਸੀ ਗਈ ਹੈ। ਉਨ੍ਹਾਂ ਦੇ ਪਾਜ਼ੇਟਿਵ ਨਿਕਲਣ ਪਿੱਛੋਂ ਤਿੰਨ ਥਾਣਿਆਂ ਦੇ ਮੁਖੀਆਂ ਸਣੇ 15 ਪੁਲਿਸ ਮੁਲਾਜ਼ਮਾਂ ਨੂੰ ਹੋਮ ਕੁਆਰੰਟਾਈਨ ਕੀਤਾ ਗਿਆ ਅਤੇ 24 ਵਾਲਿਆਂ ਮੁਲਾਜ਼ਮਾਂ ਦੇ ਸੈਂਪਲ ਲਈ ਭੇਜੇ ਹਨ।

ਪਠਾਨਕੋਟ ਵਿੱਚ ਕੋਰੋਨਾ ਤੋਂ ਪ੍ਰਭਾਵਤ ਨਿਕਲੇ ਛੇ ਜਣਿਆਂ ਵਿਚ ਦੋ ਪੁਰਸ਼ ਅਤੇ ਚਾਰ ਔਰਤਾਂ ਹਨ। ਜਲੰਧਰ ਵਿਚ ਕੋਰੋਨਾ ਦਾ ਸ਼ਿਕਾਰ ਹੋਏ ਕਾਂਗਰਸੀ ਆਗੂ ਦੀਪਕ ਸ਼ਰਮਾ ਦੇ ਸੰਪਰਕ ਵਿਚ ਆਏ 25 ਸਾਲਾ ਨੌਜਵਾਨ ਤੋਂ ਇਲਾਵਾ ਇੱਕ 40 ਸਾਲਾ ਵਿਅਕਤੀ ਪ੍ਰਭਾਵਤ ਹੋਣ ਨਾਲ ਕੇਸਾਂ ਦੀ ਗਿਣਤੀ 24 ਤੇ ਪਠਾਨਕੋਟ ਵਿਚ 22 ਹੋ ਗਈ ਹੈ। ਪੰਜਾਬ ਵਿਚ ਸਭ ਤੋਂ ਵੱਧ ਪ੍ਰਭਾਵਤ ਜ਼ਿਲੇ ਮੋਹਾਲੀ ਵਿੱਚ 54 ਕੇਸਾਂ ਵਿੱਚੋਂ 37 ਕੇਸ ਇਕੋ ਪਿੰਡ ਜਵਾਹਰਪੁਰ ਵਿੱਚ ਹਨ। ਜਲੰਧਰ ਵਿੱਚ 24 ਕੇਸ, ਪਠਾਨਕੋਟ, 22, ਨਵਾਂਸ਼ਹਿਰ 19, ਅੰਮ੍ਰਿਤਸਰ, ਲੁਧਿਆਣਾ ਅਤੇ ਮਾਨਸਾ 11-11, ਹੁਸ਼ਿਆਰਪੁਰ 7, ਮੋਗਾ 4, ਫ਼ਰੀਦਕੋਟ ਅਤੇ ਰੂਪਨਗਰ 3-3, ਬਰਨਾਲਾ, ਫ਼ਤਹਿਗੜ੍ਹ ਸਾਹਿਬ, ਕਪੂਰਥਲਾ, ਪਟਿਆਲਾ ਤੇ ਸੰਗਰੂਰ 2-2 ਕੇਸ ਅਤੇ ਮੁਕਤਸਰ ਵਿੱਚ ਇੱਕ ਕੇਸ ਦੀ ਖਬਰ ਮਿਲੀ ਹੈ।

# ਅਮਰੀਕਾ ਦੇ ਨਿਊ ਯਾਰਕ ਵਿੱਚ ਕੋਰੋਨਾ ਨਾਲ ਮੌਤਾਂ ਦੀ ਗਿਣਤੀ ਦਸ ਹਜ਼ਾਰ ਤੋਂ ਟੱਪੀ

ਵਾਸ਼ਿੰਗਟਨ, 14 ਅਪਰੈਲ, (ਪੋਸਟ ਬਿਊਰੋ)- ਸੰਸਾਰ ਭਰ ਵਿਚ ਕੋਰੋਨਾ ਵਾਇਰਸ ਨਾਲ ਸਭ ਤੋਂ ਵੱਧ ਮੌਤਾਂ ਅਮਰੀਕਾ ਤੇ ਯੂਰਪ ਦੇ ਦੇਸ਼ਾਂ ਹੋਈਆਂ ਹਨ, ਪਰ ਬੀਤੇ 2 ਦਿਨਾਂ ਤੋਂ ਨਵੇਂ ਕੇਸਾਂ ਤੇ ਮੌਤਾਂ ਵਿਚ ਕੁਝ ਕਮੀ ਵੇਖੀ ਗਈ ਹੈ। ਏਸ਼ੀਅਨ ਦੇਸ਼ਾਂ ਵਿਚ ਕੇਸ ਅਜੇ ਤੇਜ਼ੀ ਨਾਲ ਵਧ ਰਹੇ ਹਨ, ਜਿਸ ਤੋਂ ਚਿੰਤਾ ਵਧਣ ਲੱਗੀ ਹੈ।



ਭਾਰਤ ਦੀ ਮੰਗਲਵਾਰ ਦੀ ਸਵੇਰ ਹੋਣ ਤੱਕ ਅਮਰੀਕਾ ਵਿਚ ਕੋਰੋਨਾ ਦਾ ਕੇਂਦਰ ਮੰਨੇ ਜਾਂਦੇ ਨਿਊਯਾਰਕ ਸਟੇਟ ਦੇ ਅੰਦਰ ਹੀ ਮੌਤਾਂ ਦੀ ਗਿਣਤੀ 671 ਹੋਰ ਮੌਤਾਂ ਇੱਕੋ ਦਿਨ ਹੋਣ ਨਾਲ 10,056 ਹੋ ਗਈ ਹੈ। ਸਾਰੇ ਅਮਰੀਕਾ ਵਿੱਚ ਇਸ ਦੌਰਾਨ ਕੁੱਲ ਮਿਲਾ ਕੇ 23,609 ਲੋਕਾਂ ਦੀ ਮੌਤ ਹੋ ਚੁੱਕੀ ਹੈ, ਜਿਨ੍ਹਾਂ ਵਿੱਚੋਂ 1504 ਲੋਕ ਇੱਕੋ ਦਿਨ ਪ੍ਰਾਣ ਤਿਆਗ ਗਏ ਹਨ। ਇਸ ਹਾਲਤ ਵਿੱਚ ਨਿਊਯਾਰਕ ਵਿਚ ਸਹਿਮ ਦਾ ਮਾਹੌਲ ਹੈ। ਵੈਂਟੀਲੇਟਰ ਵਾਲੇ ਮਰੀਜ਼ਾਂ ਦੀ ਮੌਤ ਵਿਚ ਵੱਡਾ ਵਾਧਾ ਹੋ ਰਿਹਾ ਹੈ ਅਤੇ ਕਰੀਬ 80 ਫੀਸਦੀ ਤੋਂ ਵੱਧ ਮਰੀਜ਼ਾਂ ਦੀ ਵੈਂਟੀਲੇਟਰ ਉੱਤੇ ਮੌਤ ਹੋ ਰਹੀ ਹੈ, ਕਿਉਂਕਿ ਵੈਂਟੀਲੇਟਰ ਨਾਲ ਦਿੱਤੀ ਗਈ ਆਕਸੀਜਨ ਦਾ ਦਬਾਅ ਫੇਫੜੇ ਝੱਲ ਨਹੀਂ ਰਹੇ।

ਇਸ ਦੌਰਾਨ ਭਾਰਤ ਵਿੱਚ ਮੰਗਲਵਾਰ ਦੀ ਸਵੇਰ ਹੋਣ ਤੱਕ ਦੁਨੀਆ ਭਰ ਵਿਚ ਕੋਰੋਨਾ ਇਨਫੈਕਸ਼ਨ ਨਾਲ ਬ੍ਰਿਟੇਨ ਵਿਚ 717 ਮੌਤਾਂ ਇੱਕੋ ਦਿਨ ਹੋਣ ਮੌਤਾਂ ਦੀ ਗਿਣਤੀ 11,329 ਹੋ ਚੁੱਕੀ ਹੈ। ਅਮਰੀਕਾ ਪਿੱਛੋਂ ਸਭ ਤੋਂ ਵੱਧ ਨੁਕਸਾਨ ਝੱਲ ਰਹੇ ਇਟਲੀ ਤੋਂ ਇੱਕੋ ਦਿਨ 566 ਮੌਤਾਂ ਹੋਰ ਹੋਣ ਨਾਲ ਕੁੱਲ ਮੌਤਾਂ 20,465 ਹੋਣ ਦੀ ਖਬਰ ਹੈ। ਤੀਸਰੇ ਸਭ ਤੋਂ ਵੱਧ ਮਾਰ ਝੱਲ ਰਹੇ ਦੇਸ਼ ਸਪੇਨ ਵਿੱਚ ਮੌਤਾਂ ਦੀ ਗਿਣਤੀ 17,756 ਤੇ ਫਰਾਂਸ ਵਿੱਚ ਇਹੋ ਗਿਣਤੀ 14,967 ਨੂੰ ਪਹੁੰਚ ਗਈ ਹੈ। ਹੋਰਨਾਂ ਦੇਸ਼ਾਂ ਵਿੱਚੋਂ ਇਰਾਨ ਵਿੱਚ 4585 ਅਤੇ ਬੈਲਜੀਅਮ ਵਿੱਚ 3903 ਮੌਤਾਂ ਹੋ ਚੁੱਕੀਆਂ ਹਨ।

# ਨਿਊਯਾਰਕ ਵਿੱਚ ਸਕੂਲ ਬੰਦ ਕਰਨ ਤੋਂ ਗਵਰਨਰ ਤੇ ਮੇਅਰ ਭਿੜ ਪਏ

ਨਿਊਯਾਰਕ, 13 ਅਪਰੈਲ, (ਪੋਸਟ ਬਿਊਰੋ)- ਅਮਰੀਕਾ ਦੇ ਨਿਊ ਯਾਰਕ ਰਾਜ ਵਿਚ ਸਕੂਲ ਬੰਦ ਕਰਨ ਤੋਂ ਗਵਰਨਰ ਅਤੇ ਮੇਅਰ ਦਾ ਜ਼ੁਬਾਨੀ ਭੇੜ ਸ਼ੁਰੂ ਹੋ ਗਿਆ ਹੈ। ਕੋਰੋਨਾ ਦੇ ਕਾਰਨ ਬਾਕੀ ਬਚਦੇ ਅਕਾਦਮਿਕ ਸੈਸ਼ਨ ਦੌਰਾਨ ਮੇਅਰ ਬਿਲ ਡੀ ਬਲਾਸੀਓ ਨੇ ਸਕੂਲ ਬੰਦ ਰੱਖਣ ਦਾ ਐਲਾਨ ਕੀਤਾ ਅਤੇ ਗਵਰਨਰ ਐਂਡ੍ਰਿਓ ਕੁਮੋ ਨੇ ਕਿਹਾ ਹੈ ਕਿ ਇਹ ਫੈਸਲਾ ਕਰਨ ਦਾ ਅਧਿਕਾਰ ਮੇਰਾ ਹੈ। ਦੋਵਾਂ ਦੇ ਇਨ੍ਹਾਂ ਆਪੋ ਵਿੱਚ ਵਿਰੋਧੀ ਬਿਆਨਾਂ ਨਾਲ ਮਾਹੌਲ ਖਰਾਬ ਹੋ ਰਿਹਾ ਹੈ।

ਵਰਨਣ ਯੋਗ ਹੈ ਕਿ ਅਮਰੀਕਾ ਦਾ ਨਿਊਯਾਰਕ ਰਾਜ ਕੋਰੋਨਾ ਦੀ ਮਾਰ ਦਾ ਕੇਂਦਰ ਬਣ ਚੁੱਕਾ ਹੈ। ਬੀਤੇ ਸ਼ਨੀਵਾਰ ਮੇਅਰ ਬਲਾਸੀਓ ਨੇ ਪ੍ਰੈੱਸ ਕਾਨਫਰੰਸ ਵਿਚ ਸਕੂਲ ਬੰਦ ਰੱਖਣ ਦਾ ਐਲਾਨ ਕੀਤਾ ਤੇ ਕਿਹਾ ਕਿ ਇਹ ਫੈਸਲਾ ਇਸ ਲਈ ਕੀਤਾ ਹੈ ਕਿ ਨਿਊਯਾਰਕ ਸ਼ਹਿਰ ਕੋਰੋਨਾ ਦੇ ਕਹਿਰ ਨਾਲ ਜੂਝ ਰਿਹਾ ਹੈ। ਬਲਾਸੀਓ ਨੇ ਵਾਇਰਸ ਫੈਲਣ ਤੋਂ ਰੋਕਣ ਲਈ 16 ਮਾਰਚ ਨੂੰ ਸਕੂਲਾਂ ਨੂੰ ਬੰਦ ਕਰਨ ਦਾ ਹੁਕਮ ਦਿੱਤਾ ਸੀ। 20 ਅਪਰੈਲ ਨੂੰ ਸਕੂਲ ਖੁੱਲ੍ਹਣੇ ਸਨ, ਪਰ ਕੋਰੋਨਾ ਦੇ ਕਹਿਰ ਦੇ ਕਾਰਨ ਬਾਕੀ ਬਚੇ ਸੈਸ਼ਨ ਵਿਚ ਵੀ ਸਕੂਲਾਂ ਨੂੰ ਬੰਦ ਰੱਖਣ ਦਾ ਫੈਸਲਾ ਕੀਤਾ ਹੈ। ਬਲਾਸੀਓ ਦੇ ਐਲਾਨ ਤੋਂ ਕੁਝ ਘੰਟੇ ਬਾਅਦ ਇਸ ਰਾਜ ਦੇ ਗਵਰਨਰ ਕੁਮੋ ਨੇ ਮੇਅਰ ਦੇ ਐਲਾਨ ਉੱਤੇ ਕਿੰਤੂ ਕਰਦੇ ਹੋਏ ਕਿਹਾ ਕਿ ਸਕੂਲਾਂ ਨੂੰ ਬੰਦ ਰੱਖਣ ਦਾ ਕੋਈ ਫੈਸਲਾ ਨਹੀਂ ਹੋਇਆ। ਮੈਟਰੋਪਾਲਿਟਨ ਇਲਾਕੇ ਬਾਰੇ ਮੇਰੀ ਸਲਾਹ ਲਏ ਬਿਨਾਂ ਬਲਾਸੀਓ ਆਪਣੇ ਤੌਰ ਉੱਤੇ ਬੰਦ ਕਰਨ ਦਾ ਫੈਸਲਾ ਨਹੀਂ ਲੈ ਸਕਦੇ, ਇਹ ਉਨ੍ਹਾਂ ਦੇ ਅਧਿਕਾਰ ਖੇਤਰ ਵਿਚ ਹੀ ਨਹੀਂ ਆਉਂਦਾ।














# ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਬਾਹਰ ਲਗਾਏ ਸੈਨੇਟਾਈਜੇਸ਼ਨ ਟਨਲ




ਅੰਮ੍ਰਿਤਸਰ, 13 ਅਪ੍ਰੈਲ (ਗਿਆਨ ਸਿੰਘ): ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜਾਣ ਵਾਲਾ ਹਰ ਵਿਅਕਤੀ ਹੁਣ ਸਾਰਾ ਸੈਨੇਟਾਈਜ ਕੀਤਾ ਜਾਵੇਗਾ। ਇਸ ਕਾਰਜ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਦਰਬਾਰ ਸਾਹਿਬ ਦੇ ਦੋ ਪ੍ਰਵੇਸ਼ ਦੁਆਰਾਂ ’ਤੇ ਸੈਨੇਟਾਈਜੇਸ਼ਨ ਟਨਲ ਲਗਾਏ ਗਏ ਹਨ। ਇੱਕ ਟਨਲ ਸ੍ਰੀ ਗੁਰੂ ਰਾਮਦਾਸ ਮੈਡੀਕਲ ਕਾਲਜ ਤੇ ਯੂਨੀਵਰਸਿਟੀ ਵੱਲਾ ਅਤੇ ਇੱਕ ਮੈਂਬਰ ਪਾਰਲੀਮੈਂਟ ਗੁਰਜੀਤ ਸਿੰਘ ਔਜਲਾ ਵੱਲੋਂ ਲਗਾਇਆ ਗਿਆ ਹੈ। ਅੱਜ ਇਸ ਦੀ ਆਰੰਭਤਾ ਸਮੇਂ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਭਾਈ ਰਜਿੰਦਰ ਸਿੰਘ ਮਹਿਤਾ ਨੇ ਕਿਹਾ ਕਿ ਬੇਸ਼ੱਕ ਸ਼੍ਰੋਮਣੀ ਕਮੇਟੀ ਵੱਲੋਂ ਪਹਿਲਾਂ ਤੋਂ ਹੀ ਹਰ ਇੱਕ ਦੇ ਹੱਥ ਸੈਨੇਟਾਈਜ਼ ਕਰਵਾਏ ਜਾ ਰਹੇ ਸਨ, ਪਰੰਤੂ ਹੁਣ ਟਨਲ ਲੱਗਣ ਨਾਲ ਸਭ ਨੂੰ ਸਾਰਾ ਸੈਨੇਟਾਈਜ਼ ਕੀਤਾ ਜਾ ਸਕੇਗਾ। ਉਨ੍ਹਾਂ ਦੱਸਿਆ ਕਿ ਇੱਕ ਟਨਲ ਘੰਟਾ ਘਰ ਬਾਹੀ ਅਤੇ ਦੂਜਾ ਸਰਾਵਾਂ ਵੱਲੇ ਪਾਸੇ ਲਗਾਇਆ ਗਿਆ ਹੈ। ਇਸੇ ਦੌਰਾਨ ਅੱਜ ਸ਼੍ਰੋਮਣੀ ਕਮੇਟੀ ਵੱਲੋਂ ਸਫਾਈ ਸਟਾਫ ਨੂੰ ਘਰ ਲਈ ਸੈਨੇਟਾਈਜਰ, ਮਾਸਕ ਤੇ ਦਸਤਾਨੇ ਵੀ ਦਿੱਤੇ ਗਏ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ, ਸਾਂਸਦ ਗੁਰਜੀਤ ਸਿੰਘ ਔਜਲਾ, ਨਿੱਜੀ ਸਕੱਤਰ ਮਹਿੰਦਰ ਸਿੰਘ ਆਹਲੀ, ਸਕੱਤਰ ਮਨਜੀਤ ਸਿੰਘ ਬਾਠ, ਸੁਖਦੇਵ ਸਿੰਘ ਭੂਰਾਕੋਹਨਾਂ, ਪ੍ਰਤਾਪ ਸਿੰਘ, ਗੁਰਿੰਦਰ ਸਿੰਘ ਮਥਰੇਵਾਲ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਮੁਖਤਾਰ ਸਿੰਘ ਚੀਮਾ, ਰਾਜਿੰਦਰ ਸਿੰਘ ਰੂਬੀ, ਸੁਪ੍ਰਿੰਟੈਂਡੈਂਟ ਮਲਕੀਤ ਸਿੰਘ ਬਹਿੜਵਾਲ ਤੇ ਹੋਰ ਮੌਜੂਦ ਸਨ।

# ਖਾਲਸਾ ਪੰਥ ਦੇ ਸਿਰਜਨਾ ਦਿਵਸ ਵਿਸਾਖੀ ’ਤੇ ਜ਼ਰੂਰਤਮੰਦ ਪਰਿਵਾਰਾਂ ਨੂੰ ਛਕਾਇਆ ਲੰਗਰ



ਲੁਧਿਆਣਾ, 13 ਅਪ੍ਰੈਲ (ਗਿਆਨ ਸਿੰਘ): ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਨੇ ਜ਼ਰੂਰਤਮੰਦ ਪਰਿਵਾਰਾਂ ਨੂੰ ਲੰਗਰ ਛਕਾਇਆ ਅਤੇ ਸਰਬਤ ਦਾ ਭਲਾ ਮੰਗਿਆ। ੳ ਬੀ ਸੀ ਵਿਭਾਗ ਪੰਜਾਬ ਕਾਂਗਰਸ ਦੇ ਰੇਸ਼ਮ ਸਿੰਘ ਸੱਗੂ ਨੇ ਕਿਹਾ ਕਿ ਇਸ ਸੰਕਟ ਦੀ ਘੜੀ ਚ ਸਾਡਾ ਸਾਰਿਆਂ ਦਾ ਪਹਿਲਾ ਫਰਜ਼ ਬਣ ਜਾਂਦਾ ਹੈ ਕਿ ਜੇਕਰ ਕੋਈ ਗਰੀਬ ਤੇ ਜ਼ਰੂਰਤਮੰਦ ਸਾਨੂੰ ਭੁੱਖਾ ਮਿਲੇ ਤਾਂ ਉਸ ਲਈ ਸਭ ਤੋਂ ਪਹਿਲਾਂ ਭੋਜਨ ਦਾ ਪ੍ਰਬੰਧ ਕਰੀਏ। ਇਸ ਮੌਕੇ ਤੇ ਗੁਰਬਚਨ ਸਿੰਘ, ਸਰਬਜੀਤ ਸਿੰਘ ਮੋਨੂੰ ਜਨਰਲ ਸਕੱਤਰ ਬਾਬਾ ਵਿਸ਼ਵਕਰਮਾ ਫਾਊਂਡੇਸ਼ਨ, ਹਰਜੀਤ ਸਿੰਘ ਆਦਿ ਨੇ ਵੀ ਲੰਗਰ ਦੀ ਸੇਵਾ ਨਿਭਾਈ।

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼,
ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼,
ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ,
ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

We Provide services:
- Corporation Registration
- Corporation Tax Returns
- Personal Tax Retrurns
- Accounting • Book - Keeping
- H.S.T • WSIB • T4 • E-File
- Assistance in Audit with CRA

CPA CHARTERED PROFESSIONAL ACCOUNTANTS
Kamaljeet Singh Saini CPA, CGA
Chartered Professional Accountants



Off: 905-799-6292
Email: kamalgirn@gmail.com
7956 Torbram Rd, Unit #209, Brampton, ON L6T 5A2 Fax: 905-291-0741

ਬਰਾੜ ਗਰਾਜ ਡੋਰ




ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers



We Install
Garage Door Openers
• ਕਾਲ ਕਰੋ: 416-357-4082 •

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety
Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992

Join and Represent Us
- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

NEED A LAWYER ??
Red Seal NOTARY
KAUR LAW OFFICE



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

KARTAR FURNITURE
ਫਰਨੀਚਰ ਦੀ ਦੁਨੀਆ ਦਾ
ਇੱਕੋ ਇੱਕ ਟਿਕਾਊ ਨਾਮ




ਕਰਤਾਰ ਫਰਨੀਚਰ
- ਅਸੀਂ ਸੋਫਾ ਸੈੱਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com
Call Rajinder Singh 416.741.9657
69 Westmore Dr. #20
Etobicoke ON, M9V 3Y6

Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ
ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020
1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto
email: bsidhu@steinmetzlawyers.ca website: www.steinmetzlawyers.ca

# ਕੈਨੇਡੀਅਨ ਏਅਰਲਾਈਨਜ਼ ਨੇ 31 ਮਈ ਤੱਕ ਕੌਮਾਂਤਰੀ ਉਡਾਨਾਂ ਕੀਤੀਆਂ ਸਸਪੈਂਡ

...ਪੰਨਾ 1 ਦਾ ਬਾਕੀ

ਹਾਲਾਂਕਿ ਏਅਰਲਾਈਨਜ਼ ਵੱਲੋਂ ਆਪਣੇ ਪੱਧਰ ਉੱਤੇ ਉਨ੍ਹਾਂ ਯਾਤਰੀਆਂ ਨੂੰ ਥੋੜ੍ਹੀ ਬਹੁਤ ਰਿਆਇਤ ਦੇਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਜਿਨ੍ਹਾਂ ਦੀਆਂ ਉਡਾਨਾਂ ਰੱਦ ਹੋਣ ਕਾਰਨ ਉਨ੍ਹਾਂ ਨੂੰ ਆਰਥਿਕ ਨੁਕਸਾਨ ਹੋਇਆ। ਪਰ ਕੈਨੇਡੀਅਨ ਟਰਾਂਸਪੋਰਟੇਸ਼ਨ ਏਜੰਸੀ ਦੀ ਵੈੱਬਸਾਈਟ ਉੱਤੇ ਦਰਜ ਬਿਆਨ ਵਿੱਚ ਆਖਿਆ ਗਿਆ ਹੈ ਕਿ ਏਅਰਲਾਈਨਜ਼ ਯਾਤਰੀਆਂ ਨੂੰ ਹਰਜਾਨਾ ਅਦਾ ਕਰਨ ਲਈ ਪਾਬੰਦ ਨਹੀਂ ਹਨ ਕਿਉਂਕਿ ਇਹ ਟਰਿੱਪਜ਼ ਨੋਵਲ ਕਰੋਨਾਵਾਇਰਸ ਕਾਰਨ ਸਸਪੈਂਡ ਹੋਏ।

# ਅੱਠ ਕਰਮਚਾਰੀਆਂ ਦੇ ਕੋਵਿਡ-19 ਪਾਜ਼ੀਟਿਵ ਪਾਏ ਜਾਣ ਤੋਂ ਬਾਅਦ ਲੌਂਗੋ ਸਟੋਰ ਦੂਜੀ ਵਾਰੀ ਕੀਤਾ ਗਿਆ ਬੰਦ

ਵਾਅਨ, 13 ਅਪਰੈਲ (ਪੋਸਟ ਬਿਊਰੋ) : ਅੱਠ ਕਰਮਚਾਰੀਆਂ ਦੇ ਕੋਵਿਡ-19 ਪਾਜ਼ੀਟਿਵ ਪਾਏ ਜਾਣ ਤੋਂ ਬਾਅਦ ਦੂਜੀ ਵਾਰੀ ਵਾਅਨ ਸਥਿਤ ਲੌਂਗੋ ਸਟੋਰ ਨੂੰ ਆਰਜ਼ੀ ਤੌਰ ਉੱਤੇ ਬੰਦ ਕੀਤਾ ਜਾ ਰਿਹਾ ਹੈ।



ਲੌਂਗੋ ਨੇ ਇਸ ਤੋਂ ਪਹਿਲਾਂ 26 ਮਾਰਚ ਨੂੰ ਉਸ ਸਮੇਂ 9200 ਵੈਸਟਨ ਰੋਡ ਸਥਿਤ ਆਪਣੇ ਸਟੋਰ ਨੂੰ ਬੰਦ ਕੀਤਾ ਸੀ ਜਦੋਂ ਉਨ੍ਹਾਂ ਦਾ ਇੱਕ ਸਟਾਫ ਮੈਂਬਰ ਕੋਵਿਡ 19 ਦਾ ਪਾਜ਼ੀਟਿਵ ਪਾਇਆ ਗਿਆ ਸੀ। 27 ਮਾਰਚ ਨੂੰ ਡੀਪ ਕਲੀਨਿੰਗ ਤੋਂ ਬਾਅਦ 28 ਮਾਰਚ ਨੂੰ ਇਸ ਸਟੋਰ ਨੂੰ ਮੁੜ ਖੋਲ੍ਹ ਦਿੱਤਾ ਗਿਆ ਸੀ। ਸਟੋਰ ਦਾ ਸਟਾਫ ਵੱਡੀ ਗਿਣਤੀ ਵਿੱਚ ਸੈਲਫ ਆਈਸੋਲੇਸ਼ਨ ਵਿੱਚ ਚਲਾ ਗਿਆ ਸੀ ਤੇ ਫਿਰ ਬਹੁਤਾ ਸਟਾਫ ਕੋਵਿਡ-19 ਸਬੰਧੀ ਪਾਜ਼ੀਟਿਵ ਆਇਆ। ਲੌਂਗੋ ਨੇ ਦੱਸਿਆ ਕਿ ਸਟਾਫ ਨੇ 27 ਮਾਰਚ ਤੋਂ ਬਾਅਦ ਸਟੋਰ ਵਿੱਚ ਕੰਮ ਹੀ ਨਹੀਂ ਕੀਤਾ।

ਕੰਪਨੀ ਨੇ ਆਖਿਆ ਕਿ 5 ਅਪਰੈਲ ਨੂੰ ਇੱਕ ਹੋਰ ਸਟਾਫ ਮੈਂਬਰ ਦੇ ਵਾਇਰਸ ਕਾਰਨ ਪਾਜ਼ੀਟਿਵ ਪਾਏ ਜਾਣ ਤੋਂ ਬਾਅਦ 7 ਅਪਰੈਲ ਨੂੰ ਸਟੋਰ ਦੀ ਇੱਕ ਵਾਰੀ ਫਿਰ ਡੀਪ ਕਲੀਨਿੰਗ ਤੇ ਸੈਨੀਟਾਈਜ਼ੇਸ਼ਨ ਕੀਤੀ ਗਈ। ਇਹ ਕਰਮਚਾਰੀ ਉਦੋਂ ਤੋਂ ਲੈ ਕੇ ਹੁਣ ਤੱਕ ਸਟੋਰ ਵਿੱਚ ਨਹੀਂ ਆਇਆ ਹੈ। ਇੱਥੇ ਕੰਮ ਕਰਨ ਵਾਲੇ ਬਾਕੀ ਸਟਾਫ ਨੂੰ ਵੀ ਘਰ ਵਿੱਚ ਰਹਿ ਕੇ ਅਗਲੇ 14 ਦਿਨਾਂ ਤੱਕ ਖੁਦ ਨੂੰ ਮਾਨੀਟਰ ਕਰਨ ਲਈ ਆਖਿਆ ਗਿਆ ਹੈ। ਲੌਂਗੋ ਵੱਲੋਂ ਐਲਾਨ ਕੀਤਾ ਗਿਆ ਕਿ ਜਿਹੜੇ ਮੈਂਬਰ ਪਾਜ਼ੀਟਿਵ ਆਏ ਹਨ ਉਨ੍ਹਾਂ ਨੂੰ ਦੁਬਾਰਾ ਸਟੋਰ ਖੁੱਲ੍ਹਣ ਉੱਤੇ ਪੂਰੇ ਪੈਸੇ ਦਿੱਤੇ ਜਾਣਗੇ।

ਇਸ ਲੋਕੇਸ਼ਨ ਨੂੰ 23 ਅਪਰੈਲ ਤੱਕ ਬੰਦ ਕੀਤਾ ਗਿਆ ਹੈ। ਇਹ ਫੈਸਲਾ ਸਟੋਰ ਵੱਲੋਂ ਪਬਲਿਕ ਹੈਲਥ ਦੇ ਹੁਕਮਾਂ ਤਹਿਤ ਨਹੀਂ ਸਗੋਂ ਆਪ ਕੀਤਾ ਗਿਆ ਹੈ।

# ਓਨਟਾਰੀਓ ਨੂੰ ਹਾਸਲ ਹੋਈ ਟੈਸਟਿੰਗ ਸਵੈਬਜ਼ ਦੀ ਖੇਪ ਗੰਦੀ ਤੇ ਗੈਰਵਰਤੋਂਯੋਗ

ਓਨਟਾਰੀਓ, 12 ਅਪਰੈਲ (ਪੋਸਟ ਬਿਊਰੋ) : 100,000 ਤੋਂ ਵੀ ਵੱਧ ਟੈਸਟਿੰਗ ਸਵੈਬਜ਼ ਦੀ ਓਨਟਾਰੀਓ ਪਹੁੰਚੀ ਖੇਪ ਗੰਦੀ ਤੇ ਗੈਰਵਰਤੋਂਯੋਗ ਹੈ। ਕੋਵਿਡ-19 ਦੌਰਾਨ ਲੈਬ ਟੈਸਟਿੰਗ ਦੀ ਆਪਣੀ ਸਮਰੱਥਾ ਨੂੰ ਵਧਾਉਣ ਦੀ ਕੋਸ਼ਿਸ਼ ਕਰ ਰਹੇ ਪ੍ਰੋਵਿੰਸ ਨਾਲ ਇਹ ਕੋਝਾ ਮਜ਼ਾਕ ਨਹੀਂ ਤਾਂ ਹੋਰ ਕੀ ਹੈ।



ਕੋਵਿਡ-19 ਦੌਰਾਨ ਟੈਸਟਿੰਗ ਨੂੰ ਬੇਹੱਦ ਜ਼ਰੂਰੀ ਮੰਨਿਆ ਜਾ ਰਿਹਾ ਹੈ, ਪਰ ਇਸ ਤਰ੍ਹਾਂ ਦੇ ਗੰਦੇ ਸਵੈਬਜ਼ ਨਾਲ ਕੋਈ ਬੁੱਤਾ ਨਹੀਂ ਸਰਨ ਵਾਲਾ। ਫੈਡਰਲ ਸਰਕਾਰ ਵੱਲੋਂ ਮੰਗਵਾਏ ਗਏ ਸਵੈਬਜ਼ ਦੀ ਇਹ ਤਾਂ ਅਜੇ ਪਹਿਲੀ ਖੇਪ ਹੈ ਤੇ ਇਸ ਤਰ੍ਹਾਂ ਦੇ ਹੋਰ ਪਤਾ ਨਹੀਂ ਕਿੰਨੇ ਕੁ ਦੂਸ਼ਤ ਬੈਚ ਅਜੇ ਰਾਹ ਵਿੱਚ ਹੋਣਗੇ। ਇਹ ਮੰਨਿਆ ਜਾ ਰਿਹਾ ਹੈ ਕਿ ਇਨ੍ਹਾਂ ਸਵੈਬਜ਼ ਨੂੰ ਉੱਲੀ ਲੱਗੀ ਹੋਈ ਹੈ।

ਪ੍ਰੋਵਿੰਸ਼ੀਅਲ ਅਧਿਕਾਰੀਆਂ ਅਨੁਸਾਰ ਫੈਡਰਲ ਸਰਕਾਰ ਦੇ ਇਸ ਆਰਡਰ ਤੋਂ ਬਿਨਾਂ ਪ੍ਰੋਵਿੰਸ ਕੋਲ ਇਸ ਸਮੇਂ 200,000 ਸਵੈਬਜ਼ ਮੌਜੂਦ ਹਨ। ਇਹ ਸੱਤ ਤੋਂ ਦਸ ਦਿਨਾਂ ਦੇ ਟੈਸਟਸ ਲਈ ਕਾਫੀ ਹਨ। ਕਈ ਏਜੰਸੀਆਂ ਤੇ ਡਿਪਾਰਟਮੈਂਟਸ ਹੋਰ ਹਾਸਲ ਕਰਨ ਲਈ ਕੰਮ ਕਰ ਰਹੇ ਹਨ। ਇੱਥੇ ਦੱਸਣਾ ਬਣਦਾ ਹੈ ਕਿ ਸ਼ੁੱਕਰਵਾਰ ਨੂੰ ਓਨਟਾਰੀਓ ਨੇ ਕੋਵਿਡ-19 ਦੌਰਾਨ ਟੈਸਟਿੰਗ ਵਿੱਚ ਇਜਾਫਾ ਕਰਨ ਦਾ ਫੈਸਲਾ ਕੀਤਾ ਸੀ। ਇਸ ਸਮੇਂ ਓਨਟਾਰੀਓ ਵਿੱਚ ਰੋਜ਼ਾਨਾ 4000 ਟੈਸਟ ਕੀਤੇ ਜਾ ਰਹੇ ਹਨ। ਪਿਛਲੇ ਹਫਤੇ ਦੇ ਸ਼ੁਰੂ ਵਿੱਚ ਪ੍ਰੀਮੀਅਰ ਡੱਗ ਫੋਰਡ ਨੇ ਇਨ੍ਹਾਂ ਟੈਸਟਾਂ ਦੀ ਗਿਣਤੀ ਨੂੰ ਨਾਕਾਫੀ ਦੱਸਿਆ ਸੀ।

ਸ਼ੁੱਕਰਵਾਰ ਨੂੰ ਹੀ ਇੱਕ ਪ੍ਰੈੱਸ ਕਾਨਫਰੰਸ ਵਿੱਚ ਫੋਰਡ ਨੇ ਕੋਵਿਡ-19 ਸਬੰਧੀ ਟੈਸਟਾਂ ਦੀ ਗਿਣਤੀ ਵਿੱਚ ਤੇਜ਼ੀ ਨਾਲ ਵਾਧਾ ਕਰਨ ਦੀ ਗੱਲ ਆਖੀ ਸੀ। ਉਨ੍ਹਾਂ ਆਖਿਆ ਕਿ ਕੋਈ ਵੀ ਜੰਗ ਉਦੋਂ ਹੀ ਜਿੱਤੀ ਜਾ ਸਕਦੀ ਹੈ ਜਦੋਂ ਤੁਸੀਂ ਆਪਣੇ ਦੁਸ਼ਮਣ ਨੂੰ ਜਾਣਦੇ ਹੋਵੋਂ। ਇਸ ਲਈ ਇਸ ਮਾਮਲੇ ਵਿੱਚ ਟੈਸਟਿੰਗ ਦੀ ਬੇਹੱਦ ਜ਼ਰੂਰਤ ਹੈ। ਜ਼ਿਕਰਯੋਗ ਹੈ ਕਿ ਅਸੈਸਮੈਂਟ ਸੈਂਟਰਜ਼ ਤੱਕ ਇਨ੍ਹਾਂ ਸਵੈਬਜ਼ ਨੂੰ ਭੇਜੇ ਜਾਣ ਤੋਂ ਪਹਿਲਾਂ ਪਬਲਿਕ ਹੈਲਥ ਓਨਟਾਰੀਓ ਦੀ ਲੈਬੋਰੇਟਰੀ ਵਿੱਚ ਇਨ੍ਹਾਂ ਦੀ ਜਾਂਚ ਕੀਤੀ ਜਾਂਦੀ ਹੈ।

ਭਾਵੇਂ ਕਿ ਇਨ੍ਹਾਂ ਭਿੱਟੇ ਹੋਏ ਸਵੈਬਜ਼ ਦੇ ਉਤਪਾਦਕ ਦੀ ਪੁਸ਼ਟੀ ਨਹੀਂ ਕੀਤੀ ਗਈ ਹੈ ਪਰ ਮਹਾਮਾਰੀ ਦੌਰਾਨ ਸਪਲਾਈ ਚੇਨ ਨੂੰ ਦਰਪੇਸ਼ ਚੁਣੌਤੀਆਂ ਦਾ ਖੁਲਾਸਾ ਇਸੇ ਗੱਲ ਤੋਂ ਹੁੰਦਾ ਹੈ ਕਿ ਕਿਸ ਤਰ੍ਹਾਂ ਇਸ ਸੰਕਟ ਦੀ ਘੜੀ ਵਿੱਚ ਸਰਕਾਰਾਂ ਨੂੰ ਆਪਣੀਆਂ ਲੋੜਾਂ ਨੂੰ ਪੂਰਾ ਕਰਨ ਲਈ ਨਵੇਂ ਤੇ ਗੈਰਭਰੋਸੇਯੋਗ ਉਤਪਾਦਕਾਂ ਕੋਲੋਂ ਸਮਾਨ ਲੈਣ ਲਈ ਮਜਬੂਰ ਹੋਣਾ ਪੈਂਦਾ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Karam Singh Punia<br>Gyan Singh; Angrej Singh |
| **Office Admin** | Priya Dhillon |
| **Graphic Designer** | Priya Dhillon |
| **Photographer** | Kanwaljit Singh Kanwal |
| **Distributer** | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਪੰਜਾਬ ਦਾ ਨੌਜਵਾਨ ਕਣਕ ਦੀ ਸਾਂਭ ਸੰਭਾਲ ਲਈ ਮੋਹਰੀ ਰੋਲ ਅਦਾ ਕਰੇ : ਬਾਵਾ

## ਖੇਤੀਬਾੜੀ ਯੂਨੀਵਰਸਿਟੀ ਤੋਂ ਸੇਧ ਲੈ ਕੇ ਪੰਜਾਬ ਦਾ ਯੂਥ ਖੇਤੀ ਖੇਤਰ ਵਿੱਚ ਨਵਾਂ ਨਿਖਾਰ ਲਿਆਵੇ

ਲੁਧਿਆਣਾ, 13 ਅਪ੍ਰੈਲ (ਗਿਆਨ ਸਿੰਘ )ਪ੍ਰਵਾਸੀ ਮਜਦੂਰਾਂ ਦੀ ਪੰਜਾਬ ਅੰਦਰ ਘੱਟ ਗਿਣਤੀ ਦੀ ਚਿੰਤਾ ਕਰਨ ਦੀ ਬਜਾਏ ਪੰਜਾਬ ਦਾ ਨੌਜਵਾਨ ਜੈ ਕਿਸਾਨ ਦੇ ਨਾਅਰੇ ਨੂੰ ਅਮਲੀ ਰੂਪ ਦਿੰਦਾ ਹੋਇਆ ਕਣਕ ਦੀ ਸਾਂਭ ਸੰਭਾਲ ਅਤੇ ਸਾਉਣੀ ਦੀ ਫਸਲ ਦੀ ਬਿਜਾਈ ਲਈ ਮੋਹਰੀ ਰੋਲ ਅਦਾ ਕਰੇ ਜਿਸ ਤਰਾਂ ਕਿ 40 ਸਾਲ ਪਹਿਲਾਂ ਹਰ ਘਰ ਦਾ ਨੌਜਵਾਨ ਸਪੁੱਤਰ ਖੇਤ ਵਿੱਚ ਹਾਜਰੀ ਲਗਾਉਂਦਾ ਸੀ। ਇਹ ਵਿਚਾਰ ਅੱਜ ਇੱਕ ਲਿਖਤੀ ਬਿਆਨ ਰਾਹੀ ਬਾਬਾ ਬੰਦਾ ਸਿੰਘ ਬਹਾਦਰ ਅੰਤਰਰਾਸ਼ਟਰੀ ਫਾਊਂਡੇਸ਼ਨ ਦੇ ਪ੍ਰਧਾਨ ਕ੍ਰਿਸ਼ਨ ਕੁਮਾਰ ਬਾਵਾ, ਫਾਊਂਡੇਸ਼ਨ ਦੇ ਸੂਬਾ ਪ੍ਰਧਾਨ ਕਰਨੈਲ ਸਿੰਘ ਗਿੱਲ ਅਤੇ ਚੇਅਰਮੈਨ ਫਾਊਂਡੇਸ਼ਨ ਪੰਜਾਬ ਜਰਨੈਲ ਸਿੰਘ ਨੇ ਇੱਕ ਸਾਂਝੇ ਬਿਆਨ ਰਾਹੀ ਕਹੇ।



ਉਪਰੋਕਤ ਫਾਊਂਡੇਸ਼ਨ ਦੇ ਆਹੁਦੇਦਾਰਾਂ ਨੇ ਕਿਹਾ ਕਿ ਇਸ ਸਾਲ 16 ਅਕਤੂਬਰ 2020 ਨੂੰ ਮਹਾਨ ਯੋਧੇ ਜਰਨੈਲ, ਸ਼੍ਰੋਮਣੀ ਸ਼ਹੀਦ, ਕਿਸਾਨੀ ਦੇ ਮੁਕਤੀਦਾਤਾ ਬਾਬਾ ਬੰਦਾ ਸਿੰਘ ਬਹਾਦਰ ਜੀ ਦਾ 350ਵਾਂ ਜਨਮ ਉਤਸਵ ਹੈ ਪਰ ਕਰੋਨਾ ਦੀ ਕ੍ਰੋਪੀ ਕਾਰਨ ਸਭ ਪ੍ਰੋਗਰਾਮ ਅੱਗੇ ਪਾਏ ਜਾ ਰਹੇ ਹਨ ਜਦਕਿ ਜਨਵਰੀ ਵਿੱਚ ਉਲੀਕੇ ਪ੍ਰੋਗਰਾਮ ਅਨੁਸਾਰ ਦੇਸ਼ ਵਿਦੇਸ਼ ਵਿੱਚ 31 ਪ੍ਰੋਗਰਾਮ ਹੋਣੇ ਸਨ ਪਰ ਹੁਣ ਵੀ ਜਦੋਂ ਵੀ ਕਰੋਨਾ ਤੋਂ ਨਿਜਾਤ ਮਿਲਦੀ ਹੈ 31 ਸਮਾਗਮ 16 ਅਕਤੂਬਰ ਤੱਕ ਆਪਣੇ ਦੇਸ਼ ਅੰਦਰ ਹੀ ਆਯੋਜਿਤ ਕਰਾਂਗੇ ਜੇ ਵਿਦੇਸ਼ ਨਾ ਵੀ ਜਾ ਸਕੇ।

ਉਹਨਾਂ ਕਿਹਾ ਕਿ ਮਹਾਨ ਯੋਧੇ ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਯਾਦ ਵਿੱਚ ਹਰ ਕਿਸਾਨ ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਕਿਸਾਨੀ ਦੀ ਦੇਣ ਨੂੰ ਸਮਰਪਿਤ ਹੋ ਕੇ ਉਹਨਾਂ ਦਾ ਚਿੱਤਰ ਆਪਣੇ ਘਰ ਅੰਦਰ ਸ਼ੁਸ਼ੋਭਿਤ ਕਰੇ ਅਤੇ ਪੰਜਾਬ ਦੀ ਕਿਸਾਨੀ ਅੰਦਰ ਕ੍ਰਾਂਤੀਕਾਰੀ ਤਬਦੀਲੀ ਲਿਆਉਂਦਾ ਹੋਇਆ ਕਿਸਾਨੀ ਦੀ ਕਿਰਤ ਨੂੰ ਉਤਮ ਖੇਤੀ ਦਾ ਦਰਜਾ ਸਾਡੇ ਗੌਰਵਮਈ ਇਤਿਹਾਸ ਮੁਤਾਬਿਕ ਦਿੰਦਾ ਹੋਇਆ, ਸਾਡਾ ਯੂਥ ਪੰਜਾਬ ਵਿੱਚ ਨਵਾਂ ਨਿਖਾਰ ਲਿਆਵੇ ਜਦਕਿ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਹਮੇਸ਼ਾ ਇਹ ਸੋਚ ਰਹੀ ਹੈ ਕਿ ਪੰਜਾਬ ਖੇਤੀ ਪ੍ਰਧਾਨ ਸੂਬਾ ਹੋ ਕੇ, ਪੰਜਾਬ ਦਾ ਯੂਥ ਖੇਤੀਬਾੜੀ ਯੂਨੀਵਰਸਿਟੀ ਤੋਂ ਸੇਧ ਲੈ ਕੇ ਪੰਜਾਬ ਅੰਦਰ ਖੇਤੀ ਖੇਤਰ ਵਿੱਚ ਨਵਾਂ ਨਿਖਾਰ ਲਿਆਵੇ।

ਇਸ ਸਮੇਂ ਸ. ਗਿੱਲ ਨੇ ਕਿਹਾ ਕਿ ਜੋ ਪੰਜਾਬ ਦੇ ਲੋਕ ਸਰਕਾਰੀ ਸਰਵਿਸ ਕਰਦੇ ਹਨ ਉਹ ਵੀ ਵਾਧੂ ਸਮੇਂ ਵਿੱਚ ਖੇਤੀ ਵਿੱਚ ਪਰਿਵਾਰ ਨਾਲ ਹੱਥ ਵਧਾਉਣ ਜਿਸ ਤਰਾਂ ਕਿ ਵਿਦੇਸ਼ਾਂ ਵਿੱਚੋਂ ਬਾਹਰ ਨੌਕਰੀ ਕਰਨ ਵਾਲੇ ਬੱਚੇ ਵੀ ਘਰ ਦੇ ਪਰਿਵਾਰ ਨਾਲ ਬੇਰੀ ਤੋੜਨ ਜਾਂ ਹੋਰ ਕੰਮਾਂ ਵਿੱਚ ਹਿੱਸਾ ਲੈਂਦੇ ਹਨ। ਲੋੜ ਹੈ ਅਸੀ ਆਪਣੇ ਐਨ.ਆਰ.ਆਈ ਭਰਾਵਾਂ ਤੋਂ ਸੱਚੀ ਕਿਰਤ ਦਾ ਉਦੇਸ਼ ਲਈਏ। ਉਹਨਾਂ ਕਿਹਾ ਕਿ ਖੇਤੀ ਕਰਨ ਵਾਲਾ ਇਨਸਾਨ ਚੰਗੀ ਸਿਹਤ ਦਾ ਵੀ ਅਨੰਦ ਲੈਂਦਾ ਹੈ।

# ਕਣਕ ਦੀ ਵਾਢੀ ਕਿਸਾਨਾਂ ਲਈ ਸਿਰਦਰਦੀ ਬਣ ਸਕਦੀ ਹੈ

ਸੰਗਰੂਰ, 13 ਅਪ੍ਰੈਲ (ਪੋਸਟ ਬਿਊਰੋ)- ਪੰਜਾਬ 'ਚ ਇਸ ਵਾਰ ਕਣਕ ਦੀ ਕਟਾਈ 'ਚ ਸਖ਼ਤੀ ਕੀਤੀ ਗਈ ਤਾਂ ਲੱਗਦਾ ਨਹੀਂ ਕਿ ਵਾਢੀ ਸਹੀ ਸਮੇਂ 'ਤੇ ਹੋ ਸਕੇਗੀ। ਇਸ ਵਾਰ ਖੇਤਾਂ ਵਿੱਚ ਲਗੱਭਗ ਅੱਸੀ ਲੱਖ ਏਕੜ ਕਣਕ ਖੜੀ ਹੈ। ਪੰਜਾਬ ਸਰਕਾਰ ਭਾਵੇਂ ਇਸ ਵਾਰ ਕਣਕ ਦੀ ਵਿਕਰੀ ਲਈ ਚੋਖੀ ਫ਼ਿਕਰਮੰਦ ਨਜ਼ਰ ਆ ਰਹੀ ਹੈ ਪਰ ਇਸ ਦੀ ਕਟਾਈ ਦੇ ਕਈ ਪੱਖ ਹਨ, ਜਿਹੜੇ ਸਰਕਾਰ ਦਾ ਵਿਸ਼ੇਸ਼ ਧਿਆਨ ਮੰਗਦੇ ਹਨ।



ਵਰਨਣ ਯੋਗ ਹੈ ਕਿ ਲਗੱਭਗ ਸੱਠ ਫ਼ੀਸਦੀ ਕੰਬਾਈਨਾਂ ਪੰਜਾਬ ਵਿੱਚੋਂ ਬਾਹਰਲੇ ਰਾਜਾਂ 'ਚ ਗਈਆਂ ਹੋਈਆਂ ਹਨ। ਮਹਾਰਾਸ਼ਟਰ ਵਿੱਚ ਫਰਵਰੀ ਦੇ ਅਖ਼ੀਰਲੇ ਹਫ਼ਤੇ ਕਣਕ ਦੀ ਕਟਾਈ ਸ਼ੁਰੂ ਹੁੰਦੀ ਹੈ ਅਤੇ ਫਿਰ ਨਾਲ ਲੱਗਦੇ ਰਾਜਾਂ ਵਿੱਚ ਇਧਰਲੇ ਕੰਬਾਈਨ ਵਾਲੇ ਕਟਾਈ ਕਰਕੇ ਰਾਜਸਥਾਨ ਅਤੇ ਹਰਿਆਣਾ 'ਚ ਕਣਕ ਦੀ ਕਟਾਈ ਕਰਦੇ-ਕਰਦੇ ਪੰਜਾਬ ਦੀ ਕਟਾਈ ਲਈ ਮੁੜ ਆਉਂਦੇ ਹਨ। ਇਸ ਵਾਰ ਮਾਲਵੇ ਵਿੱਚ ਮੌਸਮ ਠੰਢਾ ਹੋਣ ਕਰਕੇ ਕਣਕ ਹਫ਼ਤਾ ਪਛੜ ਗਈ ਅਤੇ ਹਰ ਜ਼ਿਲ੍ਹੇ ਦੇ ਪ੍ਰਸ਼ਾਸਨ ਵੱਲੋਂ ਇਹ ਜ਼ਰੂਰੀ ਕੀਤਾ ਗਿਆ ਹੈ ਕਿ ਬਾਹਰਲੇ ਰਾਜਾਂ ਤੋਂ ਆਏ ਕੰਬਾਈਨਾਂ ਵਾਲਿਆਂ ਨੂੰ ਪੰਦਰਾਂ ਦਿਨ ਇਕਾਂਤਵਾਸ 'ਚ ਰਹਿਣਾ ਪਵੇਗਾ। ਕੰਬਾਈਨਾਂ ਵਾਲਿਆਂ ਨੇ ਨਵਾਂ ਰਸਤਾ ਕੱਢ ਕੇ ਪੰਜਾਬ ਵਿੱਚ ਆਪਣੇ-ਆਪਣੇ ਜ਼ਿਲ੍ਹਿਆਂ ਵਿੱਚ ਨਾ ਆਉਣ ਦਾ ਫ਼ੈਸਲਾ ਕੀਤਾ ਹੈ। ਉਹ ਪੰਜਾਬ 'ਚ ਆ ਕੇ ਜਿੱਥੇ ਕਟਾਈ ਦਾ ਕੰਮ ਮਿਲਿਆ, ਉਥੇ ਕਟਾਈ ਕਰਨ ਦਾ ਮਨ ਬਣਾ ਚੁੱਕੇ ਹਨ। ਉਹ ਨਹੀਂ ਚਾਹੁੰਦੇ ਕਿ ਇਕਾਂਤਵਾਸ ਵਿੱਚ ਰਹਿ ਕੇ ਸੀਜਨ ਖ਼ਰਾਬ ਕੀਤਾ ਜਾਵੇ।

ਕਿਸਾਨ ਇਸ ਵੇਲੇ ਕਾਹਲੀ ਵਿੱਚ ਹਨ। ਇਹ ਕੰਬਾਈਨਾਂ ਵਾਲੇ ਜਿੱਥੇ ਵਾਢੀ ਕਰਕੇ ਆਏ ਹਨ, ਉਹ ਦੱਸਣਗੇ ਨਹੀਂ ਕਿ ਕਿਸ ਰਾਜ ਵਿੱਚ ਕਟਾਈ ਕਰ ਕੇ ਆਏ ਹਨ। ਕੁਝ ਦਿਨਾਂ ਨੂੰ ਖੇਤਾਂ 'ਚ ਖੜ੍ਹੀ ਕਣਕ ਭੁਰਨੀ ਸ਼ੁਰੂ ਹੋ ਜਾਵੇਗੀ। ਪ੍ਰਸ਼ਾਸਨ ਕੋਲ ਕੋਈ ਅਜਿਹਾ ਤਰੀਕਾ ਵੀ ਨਹੀਂ, ਜਿਸ ਨਾਲ ਪਛਾਣ ਕੀਤੀ ਜਾ ਸਕੇ ਕਿ ਕਟਾਈ ਕਰ ਰਹੀ ਕੰਬਾਈਨ ਦਾ ਡਰਾਈਵਰ ਕਿਹੜੇ ਰਾਜ 'ਚੋਂ ਆਇਆ ਹੈ। ਇਸ ਲਈ ਚਾਹੁੰਦਾ ਹੋਇਆ ਵੀ ਪ੍ਰਸ਼ਾਸਨ ਇਹ ਸ਼ਨਾਖ਼ਤ ਨਹੀਂ ਕਰ ਸਕੇਗਾ। ਪੰਜਾਬ 'ਚ ਜਿੰਨੀਆਂ ਕੰਬਾਈਨਾਂ ਹਨ, ਉਨ੍ਹਾਂ ਲਈ ਪੰਜਾਬ 'ਚ ਲੋੜੀਂਦੇ ਡਰਾਈਵਰ ਨਹੀਂ ਹਨ। ਬਾਹਰਲੇ ਰਾਜ 'ਚੋਂ ਆਏ ਡਰਾਈਵਰ ਇਕਾਂਤਵਾਸ ਕੀਤੇ ਤਾਂ ਬਾਹਰਲੇ ਰਾਜਾਂ 'ਚੋਂ ਆਈਆਂ ਕੰਬਾਈਨਾਂ ਚਲਾਵੇਗਾ ਕੌਣ? ਇਹ ਗੱਲ ਵੀ ਪ੍ਰਸ਼ਾਸਨ ਦੀ ਕੰਬਾਈਨ ਮਾਲਕਾਂ ਨੂੰ ਹਜ਼ਮ ਨਹੀਂ ਹੋ ਰਹੀ ਕਿ ਜਦੋਂ ਅਨਾਜ ਮੰਡੀ ਵਿੱਚ ਕਣਕ ਵਿਕਣ ਲਈ ਛੇਤੀ-ਛੇਤੀ ਜਾਣੀ ਹੀ ਨਹੀਂ ਤਾਂ ਸਵੇਰੇ ਛੇ ਵਜੇ ਤੋਂ ਸ਼ਾਮ ਛੇ ਵਜੇ ਤੱਕ ਕਟਾਈ ਦਾ ਸਮਾਂ ਅਰਥ ਕੀ ਰੱਖਦਾ ਹੈ?








# BEST CANADIAN TRUCK & FORKLIFT TRAINING CENTRE












# ਕੋਵਿਡ19 ਤੋਂ ਕੁਝ ਸਿੱਖ ਕੇ ਸਬਰ ਸੰਤੋਖ ਵਾਲੀ ਜ਼ਿੰਦਗੀ ਜਿਉਣ ਦੇ ਆਦੀ ਬਣੋ

### ਕੋਵਿਡ -19 ਤੋਂ ਅਸੀਂ ਹੁਣ ਤੱਕ ਕੀ ਸਿੱਖਿਆ ਹੈ ਤੇ ਕੀ ਕੁਝ ਸਿੱਖ ਸਕਦੇ ਹਾਂ?



ਸੁਰਜੀਤ ਸਿੰਘ ਫਲੋਰਾ

ਇਕ ਦਾਰਸ਼ਨਿਕ ਦ੍ਰਿਸ਼ਟੀਕੋਣ ਤੋਂ, ਇਸ ਮਹਾਂਮਾਰੀ ਨਾਲ, ਅਸੀਂ ਬਹੁਤ ਸਾਰੇ ਬ੍ਰਹਮ ਅਨੁਪਾਤ ਸਿੱਖ ਰਹੇ ਹਾਂ, ਪਰ ਸਾਡੇ ਬਹੁਤ ਸਾਰੇ ਲੋਕਾਂ ਲਈ, ਇਹ ਇਕ ਹੋਰ ਵਾਇਰਸਾਂ ਦੀ ਤਰ੍ਹਾਂ ਹੀ ਹੈ ਜੋ ਲਾਪਰਵਾਹੀ ਨਾਲ ਚਲ ਰਹੇ ਹਨ ਅਤੇ ਉਹ ਸਮਝਦੇ ਹਨ ਜਿਵੇਂ ਹੀ ਇਹ ਆਇਆਂ ਹੈ ਤੇ ਬਹੁਤ ਜਲਦ ਹੀ ਚਲੇ ਵੀ ਜਾਵੇਗਾ। ਜੋ ਬਿਲਕੁਲ ਗਲਤ ਹੈ। ਲਾਪ੍ਰਵਾਹੀ ਵਰਤ ਕੇ ਉਹ ਖੁਦ ਵੀ ਮੌਤ ਦੇ ਖੂਹ ਵਿਚ ਛਲਾਂਗ ਲਗਾ ਰਹੇ ਹਨ ਤੇ ਕਿਸੇ ਦੇ ਧੀਆਂ ਭੈਣਾ , ਕਿਸੇ ਬੁਢੇ ਮਾਂ -ਬਾਪ ਜਾਂ ਉਹਨਾਂ ਦੇ ਬੁਢੇਪੇ ਦੇ ਸਹਾਰੇ ਨੂੰ ਮੌਤ ਦੇ ਖੂਹ ਵਿਚ ਧਕੇਲ ਰਹੇ ਹਨ। ਜੋ ਬਹੁਤ ਗਲਤ ਹੈ। ਜੋ ਸਰਕਾਰਾਂ ਅਤੇ ਸਿਹਤ ਵਿਭਾਗ ਦੇ ਹਰਫਾਂ ਦੀ ਉਲੰਘਣਾ ਕਰ ਰਹੇ ਹਨ ਉਹਨਾਂ ਨੂੰ ਬਹੁਤ ਜਲਦ ਇਸ ਖ਼ਤਰਨਾਕ ਮਹਾਂਮਾਰੀ ਵਾਰੇ ਗਿਆਨ ਲੈਣਾ ਚਾਹਿੰਦਾ ਹੈ।

ਇਹ ਦੁਸ਼ਮਣ ਕੋਵਿਡ -19 ਜੋ ਦੂਸਰੇ ਵਿਸ਼ਵ ਯੁੱਧ ਦੀ ਮੌਤਾਂ ਦੀ ਗਿਣਤੀ ਨਾਲੋਂ ਵੀ ਭਿਆਨਕ ਹੈ।

ਇੰਨਾ ਹੀ ਨਹੀਂ ਨਿਊਯਾਰਕ ਸਿਟੀ ਦੇ ਕੋਰੋਨਾਵਾਇਰਸ ਨਾਲ ਮਰਨ ਵਾਲਿਆ ਦੀ ਗਿਣਤੀ ਨੇ ਅਧਿਕਾਰਤ ਤੌਰ ’ਤੇ 9/11 ਦੇ ਹਮਲਿਆਂ ਦੌਰਾਨ ਮਾਰੇ ਗਏ ਲੋਕਾਂ ਦੀ ਗਿਣਤੀ ਨੂੰ ਪਾਸ ਕਰ ਚੁਕਾ ਹੈ। 11 ਸਤੰਬਰ 2001 ਨੂੰ 9/11 ਦੇ ਅੱਤਵਾਦੀ ਹਮਲੇ ਨਾਲ ਵਿਸ਼ਵ ਵਪਾਰ ਕੇਂਦਰ ਦੀ ਜਗ੍ਹਾ ’ਤੇ 2,753 ਲੋਕਾਂ ਦੀ ਮੌਤ ਹੋਈ ਸੀ। ਜਦਕਿ ਕੋਵਿਡ -19 ਨਾਲ ਵੀਰਵਾਰ ਦੁਪਹਿਰ 8 ਅਪ੍ਰੈਲ ਤੱਕ ਨਿਊਯਾਰਕ ਸਿਟੀ ਵਿੱਚ 5489 ਮੌਤਾਂ ਹੋ ਚੁਕਿਆ ਹਨ ਤੇ ਹਰ ਦਿਨ ਗਿਣਤੀ ਵਧਦੀ ਜਾ ਰਹੀ ਹੈ।

ਇਸ ਵਾਇਰਸ ਨੂੰ ਆਪਣੀਆਂ ਖੁਲਿਆਂ ਅੱਖਾਂ ਨਾਲ ਨਹੀਂ ਵੇਖ ਸਕਦੇ, ਨਾ ਹੀ ਇਸ ਨੂੰ ਮਹਿਸੂਸ ਕਰ ਸਕਦੇ ਹਾਂ। ਨਾ ਹੀ ਇਸ ਨੂੰ ਛੂਹ ਸਕਦੇ ਹਾਂ।ਪਰ ਸਿਰਫ ਉਦੋਂ ਹੀ ਇਸਦੀ ਮੌਜੂਦਗੀ ਨੂੰ ਸਮਝ ਸਕਦੇ ਹਾਂ ਜਦੋਂ ਇਹ ਸਾਡੇ ਸਰੀਰ ਤੇ ਹਮਲਾ ਕਰਦਾ ਹੈ। ਇਸਨੇ ਬਹੁਤ ਸਾਰੇ ਬੇਮਿਸਾਲ ਅਤੇ ਅਵਿਸ਼ਵਾਸ਼ਯੋਗ ਮੀਲ ਪੱਥਰ ਸਥਾਪਤ ਕੀਤੇ ਹਨ ਕਿ ਉਹਨਾਂ ਨੂੰ ਵਿਸ਼ਵ ਲੀਡਰ ਦੁਆਰਾ ਪੂਰਾ ਕਰਨ ਲਈ ਇੱਕ ਕ੍ਰਾਂਤੀ ਦੀ ਜ਼ਰੂਰਤ ਹੋਏਗੀ। ਹੁਣ ਲਈ, ਇਹ ਨਾਵਲ ਕੋਰੋਨਾਵ-ਇਰਸ, ਕੋਵਿਡ -19, ਸਾਨੂੰ ਇਹ ਸਿਖਾ ਰਿਹਾ ਹੈ ਕਿ ਸਮਾਜਿਕ ਦੂਰੀਆਂ ਰੱਖਣ ਨਾਲ ਸਾਡੇ ਤੇ ਕੀ ਬੀਤਦੀ ਹੈ?

ਜੇ ਤਿੰਨ ਮਹੀਨੇ ਪਹਿਲਾਂ, ਸਰਕਾਰਾਂ ਅਤੇ ਜਨਤਕ ਮੈਡੀਕਲ ਅਧਿਕਾਰੀ ਤੁਹਾਡੇ ਕੋਲ ਆਉਂਦੇ ਅਤੇ ਕਹਿੰਦੇ , “ਮੈਂ ਚਾਹੁੰਦਾ ਹਾਂ ਕਿ ਤੁਸੀਂ ਇਕ ਦੂਜੇ ਤੋਂ ਛੇ ਫੁੱਟ ਦੀ ਦੂਰੀ ਬਣਾ ਕੇ ਰੱਖੋ, ਪੰਜ ਤੋਂ ਵੱਧ ਲੋਕ ਇਕੱਠੇ ਨਹੀਂ ਹੋ ਸਕਦੇ ਅਤੇ ਹਰ ਸਮੇਂ ਘਰ ਰਹੋ। ਸਿਰਫ਼ ਜਦ ਗਰੋਸਰੀ ਜਾਂ ਦਵਾਈ ਆਦਿ ਦੀ ਲੋੜ ਹੈ ਤਦ ਹੀ ਬਾਹਰ ਜਾਉ। ਇਸ ਤੋਂ ਕਿ ਮੈਨੂੰ ਯਕੀਨ ਹੈ ਕਿ ਤੁਸੀਂ“ ਐਫ ”ਸ਼ਬਦ ਦੀ ਵਰਤੋਂ ਕਰਦੇ ਅਤੇ ਉਹਨਾਂ ਨੂੰ ਬੁਰਾ ਭਲਾ ਕਹਿੰਦੇ। ਉਹਨਾਂ ਕੋਸਦੇ ।

ਸੋਚੋ ਅਸੀਂ ਆਖਰੀ ਵਾਰ ਕਦੋਂ ਆਪਣੇ ਕਾਰੋਬਾਰ ਬੰਦ ਕੀਤੇ ਸਨ, ਤੇ ਕਦੋ "ਸਮਾਜਿਕ ਦੂਰੀ" ਜਾਂ "ਸਰੀਰਕ ਦੂਰੀ" ਸ਼ਬਦਾਂ ਦੀ ਵਰਤੋਂ ਕੀਤੀ ਸੀ? ਸ਼ਾਇਦ ਕਦੇ ਨਹੀਂ!

ਜੇ ਕੁਝ ਮਹੀਨੇ ਪਹਿਲਾਂ, ਸਾਡੀ ਸਰਕਾਰ ਨੇ ਸਰੀਰਕ ਦੂਰੀਆਂ ਦਾ ਅਭਿਆਸ ਕਰਨ ਲਈ ਕਿਹਾ, ਤਾਂ ਤੁਸੀਂ ਸੰਭਾਵਤ ਤੌਰ ’ਤੇ ਬੁਰੀ ਤਰ੍ਹਾਂ ਚੀਕਿਆ ਹੋਵੇਗਾ ਅਤੇ ਕੁਝ ਇਸ ਤਰ੍ਹਾਂ ਕਹਿੰਦੇ : "ਤੁਸੀਂ ਅਜਿਹਾ ਨਹੀਂ ਕਰ ਸਕਦੇ, ਮੇਰੇ ਅਧਿਕਾਰਾਂ ਤੇ ਰੋਕ ਨਹੀਂ ਲਗਾ ਸਕਦੇ। ਅਸੀਂ ਭੜਕ ਉਠਦੇ! ਸਾਡੇ ਕੈਨੇਡੀਅਨ ਚਾਰਟਸ ਆਫ ਰਾਈਟਸ ਹਨ ਇਹ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੈ! " ਮੈਨੂੰ ਯਕੀਨ ਹੈ ਕਿ ਗਿਣਵੇਂ ਮਨੁੱਖੀ ਅਧਿਕਾਰਾਂ ਦੇ ਵਕੀਲ ਇਸ ਮਾਮਲੇ ਨੂੰ ਆਪਣੇ ਹੱਥਾਂ ਵਿਚ ਲੈ ਲੈਣਗੇ। ਇਸ ਤੋਂ ਇਲਾਵਾ, ਮੈਨੂੰ ਯਕੀਨ ਹੈ ਕਿ ਤੁਸੀਂ ਸਰਕਾਰ ਨੂੰ ਸੁਪਰੀਮ ਕੋਰਟ ਵਿਚ ਲੈ ਜਾਣਾ ਸੀ।

ਇੰਨਾ ਹੀ ਨਹੀਂ, ਪ੍ਰਧਾਨ ਮੰਤਰੀ ਟਰੂਡੋ ਦੀ ਨਿਗਰਾਨੀ ਵਾਲੀਆਂ ਵਿਰੋਧੀ ਪਾਰਟੀਆਂ ਵੀ ਉਸ ਦੀ ਘੱਟ ਗਿਣਤੀ ਵਾਲੀ ਸਰਕਾਰ ਨੂੰ ਲੰਮੇ ਹੱਥੀ ਲੈਂਦੇ ਹੋਏ ਉਸ ਨੂੰ ਡੇਗਣ ਲਈ ਹਰ ਸੰਭਵ ਯਤਨ ਕਰਦੀ। ਇਸ ਤੋਂ ਵੀ ਵੱਧ ਕੇ ਓਨਟੈਰੀਓ ਦੀ ਐਨਡੀਪੀ ਲੀਡਰ ਐਂਡਰਿਆ ਹੋਰਵਥ ਨੇ ਸਭ ਤੋਂ ਵੱਧ ਪ੍ਰੀਮੀਅਰ ਫੋਰਡ ਨੂੰ ਗਲਤ ਸਾਬਤ ਕਰਨ ਲਈ ਸਾਰੇ ਨਸਲੀ ਸ਼ਬਦਾਂ ਦੀ ਵਰਤੋਂ ਕਰਨੀ ਸੀ

ਫਿਰ ਵੀ, ਅਸੀਂ 21 ਵੀਂ ਸਦੀ ਵਿਚ ਹਾਂ, ਅਤੇ ਸਾਨੂੰ ਅਜਿਹਾ ਕਰਨ ਲਈ ਕਿਹਾ ਜਾ ਰਿਹਾ ਹੈ ਅਤੇ ਕੋਈ ਵੀ ਸਰਕਾਰ ਨੂੰ ਚੁਣੌਤੀ ਨਹੀਂ ਦੇ ਰਿਹਾ. ਕਿਹੜੀ ਗੱਲ ਨੇ ਸਾਨੂੰ ਅਜਿਹੇ ਨਿਯਮਾਂ ਦੀ ਪਾਲਣਾ ਕਰਨ ਲਈ ਮਜ਼ਬੂਰ ਕੀਤਾ ਹੈ ? ਇਹ ਕੋਵਿਡ 19 ਹੀ ਹੈ ਜਿਸ ਨੇ ਲੋਕਾ ਨੂੰ ਹਰ ਸਰਕਾਰਾਂ ਅਤੇ ਸਿਹਤ ਵਿਭਾਗ ਦਾ ਕਹਿਣਾ ਮੰਨਣ ਲਈ ਮਜਬੂਰ ਕੀਤਾ ਹੈ , ਜਿਸ ਵਿਚ ਹੀ ਸਭ ਦੀ ਭਲਾਈ ਹੈ।

ਬਹੁਤ ਸਮਾਂ ਪਹਿਲਾਂ, ਓਨਟਾਰੀਓ ਪ੍ਰੀਮੀਅਰ ਡੱਗ ਫੋਰਡ ਨੇ ਇਹ ਆਦੇਸ਼ ਦਿੱਤਾ ਸੀ ਕਿ ਇਕ ਸਮੇਂ ਪੰਜਾਹ ਤੋਂ ਵੱਧ ਲੋਕ ਇਕੱਠੇ ਨਹੀਂ ਹੋਣੇ ਚਾਹੀਦੇ।

ਇੱਥੋਂ ਤਕ ਕਿ ਕੁਝ ਭਰੋਸੇਯੋਗ ਲੋਕਾ ਨੇ ਇਸਨਾਂ ਨਿਯਮ ਨੂੰ ਤੋੜਨ ਦੀ ਕੋਸ਼ਿਸ਼ ਕੀਤੀ।

ਫੋਰਡ ਨੇ ਫਿਰ ਇਸ ਨਿਯਮ ਨੂੰ ਪੜ੍ਹਿਆ- ਅਤੇ ਹੁਣ ਅਸੀਂ ਪੰਜ ਤੋਂ ਵੱਧ ਲੋਕਾਂ ਨੂੰ ਇਕੱਠੇ ਨਹੀਂ ਕਰ ਸਕਦੇ।

ਜਦੋਂ ਕੋਵਿਡ -19 ਦੇ ਸਿਰਫ ਕੁਝ ਮਾਮਲਿਆਂ ਦੀ ਘੋਸ਼ਣਾ ਕੀਤੀ ਗਈ, ਕੁਝ ਸਮੂਹਾਂ ਨੇ ਮਹਿਸੂਸ ਕੀਤਾ ਕਿ ਉਨ੍ਹਾਂ ਨਾਲ ਵਿਤਕਰਾ ਕੀਤਾ ਜਾ ਰਿਹਾ ਹੈ. ਸਾਡੇ ਟਰਾਂਟੋ ਦੇ ਮੇਅਰ ਕੈਨੇਡੀਅਨ ਪ੍ਰਧਾਨ ਮੰਤਰੀ, ਉਨਟਾਰੀਓ ਦੇ ਪ੍ਰੀਮੀਅਰ ਤੋਂ ਲੈ ਕੇ, ਸਾਰੇ ਹੀ ਵੱਡੇ ਪੱਧਰ ’ਤੇ ਲੋਕਾਂ ਦੀਆਂ ਭਾਵਨਾਵਾਂ ਦਾ ਵਰਣਨ ਕਰਨ ਲਈ "ਨਸਲਵਾਦ" ਸ਼ਬਦ ਦੀ ਵਰਤੋਂ ਕਰ ਰਹੇ ਸਨ।

ਜਦੋਂ ਹਕੀਕਤ ਇਸ ਭਿਆਨਕ ਵਾਇਰਸ ਦੇ ਮਾਰ ਦੀ ਸਭ ਦੇ ਸਾਹ-ਮਣੇ ਆਈ ਤਾਂ ਕਿਸੇ ਨੇ ਕੋਈ ਕਿਤੂੰ ਪ੍ਰਾਂਤੂੰ ਨਹੀਂ ਕੀਤਾ। ਕਿਉਂ? ਸਿਰਫ਼ ਇਸ ਕੋਵਿਡ -19 ਕਰਕੇ।

ਕੋਵੀਡ -19 ਸੰਸਾਰ ਭਰ ਵਿਚ ਤਬਾਹੀ ਮਚਾ ਕੇ ਰੱਖੀ ਹੋਈ ਹੈ, ਦੇਸ਼ਾਂ ਦੇ ਦੇਸ਼ ਆਪਣੇ ਪੈਰੋ ਨਿਕਲ ਚੁਕੇ ਹਨ। ਇਸਨੇ ਪੂਰੀ ਦੁਨੀਆ ਨੂੰ ਆਪਣੇ ਗੋਡਿਆਂ ’ਤੇ ਲਿਆਂਦਾ ਹੋਇਆ ਹੈ।

ਕੈਨੇਡਾ ਦੀ ਸਰਕਾਰ ਨੇ ਕੈਨੇਡੀਅਨਾਂ ਨੂੰ ਉਨ੍ਹਾਂ ਦੀਆਂ ਮਨਪਸੰਦ ਹਾਕੀ ਖੇਡਾਂ ਖੇਡਣੀਆਂ ਬੰਦ ਕਰਨ ਲਈ ਕਿਹਾ? ਤੇ ਯੂਰੋਪੀਅਨ ਅਤੇ ਦੱਖਣੀ ਅਮਰੀਕੀ ਲੋਕਾਂ ਨੂੰ ਫੁਟਬਾਲ ਖੇਡਣ ਨੂੰ ਰੋਕਣ ਲਈ ਕਿਹਾ ਗਿਆ ਸੀ?

ਮੈਨੂੰ ਯਕੀਨ ਹੈ ਕਿ ਉਨ੍ਹਾਂ ਦੇਸ਼ਾਂ ਵਿਚ ਹਿੰਸਕ ਦੰਗੇ ਹੋਏ ਹੋਣਗੇ। ਪਰ ਇਹਨਾਂ ਦੇਸ਼ਾਂ ਵਿਚ ਕੁਝ ਨਹੀਂ ਹੋਇਆ, ਲੋਕਾ ਨੇ ਸਰਕਾਰ ਅਤੇ ਸਿਹਤ ਵਿਭਾਗ ਦੀ ਮੈਨਡੇਟ ਨੂੰ ਪੂਰਾ ਕੀਤਾ ਅਤੇ ਬਹੁਤ ਚੁੱਪ ਸਹਿ ਗਏ ਸਿਰਫ ਕੋਰੋਨਾ ਵਇਰਸ ਕਰਕੇ। ਤੁਸੀਂ ਹੁਣ ਤੱਕ ਸਮਝ ਗਏ ਹੋਵੋਗੇ ਕਿ ਇਹ ਵਾਇਰਸ ਕਿੰਨਾ ਕੋ ਖਤਰਨਾਕ ਹੈ।

ਪੂਰੀ ਫਿਲਮ ਅਤੇ ਟੈਲੀਵਿਜ਼ਨ ਉਦਯੋਗ ਨੂੰ ਬੰਦ ਕਰ ਦੇਣਾ। ਕਦੇ ਅਸੀਂ ਅਜਿਹਾ ਸੋਚਿਆ ਵੀ ਨਹੀਂ ਹੋਵੇਗਾ?

ਮੈਨੂੰ ਯਕੀਨ ਹੈ ਕਿ ਬਹੁਤ ਸਾਰੇ ਫਿਲਮ ਨਿਰਮਾਤਾ, ਥੀਏਟਰ ਮਾਲਕ ਅਤੇ ਪ੍ਰੋਡਕਸ਼ਨ ਮੈਨੇਜਰਾਂ ਨੂੰ ਠੇਸ ਪਹੁੰਚੀ ਹੋਵੇਗੀ। ਪਰ ਅਜਿਹਾ ਨਹੀਂ ਹੋਇਆ। ਪੂਰੇ ਮਨੋਰੰਜਨ ਦੇ ਸਾਧਨ ਬੰਦ ਹੋ ਗਏ ਪਰ ਕਿਸੇ ਨੇ ਉਫ ਤੱਕ ਨਹੀਂ ਕੀਤੀ। ਕਿਉਂਕਿ ਸਭ ਨੂੰ ਜਾਨ ਪਿਆਰੀ ਹੈ। ਤੇ ਇਹ ਸਭ ਇਸ ਵਾਇਰਸ ਦੀ ਮਾਰ ਕਰਕੇ ਹੀ ਹੋਇਆ ਹੈ, ਕੋਈ ਦੰਗਾ ਪਸਾਦ ਨਹੀਂ ।

ਜਾਂ ਇਸ ਬਾਰੇ ਕਿ ਜੇ ਤੁਹਾਡੀ ਸਰਕਾਰ ਦੇ ਕਾਨੂੰਨ - ਨਿਯਮਾ ਕਰਕੇ ਤੁਸੀਂ ਆਪਣੇ ਅਜ਼ੀਜ਼ਾਂ, ਦਾਦਾ-ਦਾਦੀਆਂ, ਪਰਿਵਾਰਾਂ ਅਤੇ ਦੋਸਤਾਂ ਨੂੰ ਨਹੀਂ ਮਿਲ ਸਕਦੇ?

ਤੁਸੀਂ ਬਹੁਤ ਪਰੇਸ਼ਾਨ ਹੋਵੋਗੇ ਅਤੇ ਕੁਝ ਬਹੁਤ ਹੀ ਘ੍ਰਿਣਾਯੋਗ ਸ਼ਬਦਾਂ ਨਾਲ ਤੁਹਾਡੀ ਸਰਕਾਰ ਨੂੰ ਝਿੜਕਿਆ ਹੋਵੇਗਾ। ਪਰ ਇਹ ਵੀ ਨਹੀਂ ਹੋਇਆ , ਸਿਰਫ ਕੋਰੋਨਾਵ-ਾਇਰਸ ਕਰਕੇ ਸਭ ਨੇ ਔਖੇ ਸੌਖੇ ਹੋ ਕੇ ਸਹਿਣ ਕਰ ਰਹੇ ਹਨ।

ਕੌਣ ਸੋਚੇਗਾ ਕਿ ਇਕ ਦਿਨ ਪੂਰੇ ਸਕੂਲ ਵਿਚ ਸਮੁੱਚੇ ਸਕੂਲ ਸਿਸਟਮ, ਕਾਲਜ ਅਤੇ ਯੂਨੀਵਰਸਿਟੀ ਪੂਰੀ ਦੁਨੀਆ ਵਿਚ ਬੰਦ ਹੋ ਜਾਣਗੇ! ਕੋਰੋਨਾ ਵਾਇਰਸ ਨੇ ਇਹ ਵੀ ਕਰ ਦਿਖਾਇਆ ਕਿਸੇ ਪੁਲਿਸ ਜਾਂ ਫੌਜੀ ਸ਼ਕਤੀ ਤੋਂ ਬਿੰਨਾ ਹੀ।

ਜੇ ਤੁਸੀਂ ਸੱਚਮੁੱਚ ਸਾਰੀ ਸਥਿਤੀ ਨੂੰ ਅਨਜਾਣ ਬਣਾਉਂਦੇ ਹੋ, ਤਾਂ ਇਹ ਲਗਦਾ ਹੈ ਕਿ ਅਸੀਂ ਇਕ ਗੁਫਾਵਾਨ ਦੇ ਸਮੇਂ ਵਿਚ ਜੀ ਰਹੇ ਹਾਂ। ਸਾਨੂੰ ਆਪਣੇ ਘਰ ਦੇ ਅੰਦਰ ਰਹਿਣਾ ਪੈਂਦਾ ਹੈ ਅਤੇ ਬਾਹਰ ਨਹੀਂ ਜਾ ਸਕਦੇ ਜਦੋਂ ਤਕ ਸਾਨੂੰ ਕੋਈ ਗਰੋਸਰੀ,ਮੈਡੀਕਲ ਸੇਵਾਵਾਂ ਦੀ ਲੋੜ ਨਹੀਂ ਪੈਂਦੀ।ਅਸੀਂ ਪਾਰਟੀਆਂ, ਬਾਰਾਂ, ਫਿਲਮਾਂ, ਖੇਡਾਂ, ਦੇਖਣ ਲਈ ਸ਼ਾਮਲ ਹੋ ਕੇ ਆਪਣਾ ਮਨੋਰੰਜਨ ਨਹੀਂ ਕਰ ਸਕਦੇ। ਫਿਰ ਵੀ ਅਸੀਂ ਚੁਪ ਹਾਂ ਸਿਰਫ਼ ਆਪਣੀ ਜਾਨ ਨੂੰ ਕੋਰੋਨਾ ਤੋਂ ਬਚਾਉਣ ਲਈ। ਅਸੀਂ ਕਿਸੇ ਦਾ ਵਿਰੋਧ ਨਹੀਂ ਕਰ ਰਹੇ।

ਪਰ ਕੁਝ ਲੋਕ ਹਨ ਜਿਵੇਂ ਇਕ ਐਪਲਾਂ ਦੀ ਭਰੀ ਟੋਕਰੀ ਵਿਚ ਕੋਈ ਨਾ ਕੋਈ ਤਾਂ ਦਾਗੀ ਐਪਲ ਹੁੰਦਾ ਹੀ ਹੈ ਜੋ ਬਾਕੀ ਸਭ ਨੂੰ ਦਾਗੀ ਵੀ ਕਰ ਦਿੰਦਾ ਹੈ। ਭਾਂਵ ਕੇ ਜੋ ਕੋਰੋਨਾ ਵਾਇਰਸ ਦੇ ਮਰੀਜ਼ ਹਨ ਉਹ ਵੀ ਬਾਹਰ ਸੜਕਾਂ ਤੇ ਪਾਰਕਾਂ ਵਿਚ ਘੁਮ ਰਹੇ ਹਨ। ਇਹਨਾਂ ਦਾਗੀ ਐਪਲਾਂ ਨੂੰ ਬਾਹਰ ਕੱਢਣ ਲਈ ਤੇ ਚੰਗੇ ਐਪਲਯ ਨੂੰ ਬਚਾਉਣ ਲਈ

ਸਰਕਾਰੀ ਕਰਮਚਾਰੀ ਸੜਕਾਂ ਤੇ ਗਸ਼ਤ ਕਰ ਰਹੇ ਹਨ ਅਤੇ ਕਾਨੂੰਨ ਨੂੰ ਤੋੜਨ ਵਾਲਿਆਂ ਨੂੰ ਟਿਕਟਾਂ ਜਾਰੀ ਕਰ ਰਹੇ ਹਨ। ਜੋ ਸਮੇਂ ਦੇ ਹਿਸਾਬ ਨਾਲ ਜਰੂਰੀ ਵੀ ਹੈ।


ਸਾਡੀ ਆਜ਼ਾਦੀ ਖਤਮ ਕੀਤੀ ਗਈ ਹੈ। ਕੀ ਅਸੀਂ ਕਦੇ ਸੋਚਿਆ ਸੀ ਕਿ ਇਹ ਦੂਸਰੇ ਵਿਸ਼ਵ ਯੁੱਧ ਤੋਂ ਬਾਅਦ ਇਸ ਤਰ੍ਹਾਂ ਦਾ ਕੁਝ ਹੋਵੇਗਾ? ਮੈਨੂੰ ਨਹੀਂ ਲਗਦਾ. ਪਰ ਕੋਵਿਡ -19 ਨੇ ਬਿਨਾਂ ਕਿਸੇ ਕੋਸ਼ਿਸ਼ ਦੇ ਕੀਤਾ ਹੈ!

ਇੱਥੇ ਕੁਝ ਬਹੁਤ ਮਹੱਤਵਪੂਰਨ ਗੱਲਾਂ ਹਨ ਜਿਹਨਾਂ ਨੂੰ ਯਾਦ ਰੱਖਣਾ ਚਾਹੀਦਾ ਹੈ। ਜਿਵੇਂ ਕਿ ਅਨੁਸ਼ਾਸਨ, ਨਿਮਰਤਾ, ਸ਼ੇਅਰਿੰਗ, ਆਪਣੇ ਸਾਧਨਾਂ ਦੇ ਅੰਦਰ ਰਹਿਣਾ, ਦਲੀਲ ਦੇਣਾ, ਜੋ ਕੁਝ ਵੀ ਸਾਡੇ ਕੋਲ ਹੈ ਤੇ ਜਿੰਨਾ ਵੀ ਹੈ ਉਸ ਨਾਲ ਹੀ ਖੁਸ਼ ਰਹਿਣਾ ਸਬਰ ਸਾਂਤੀ ਤੋਂ ਕੰਮ ਲੈਣਾ।ਸੰਤੁਸ਼ਟ ਹਹਿਣਾ, ਜੇਕਰ ਅਸੀਂ ਇਸ ਤਰ੍ਹਾਂ ਦੀ ਗਭੀਰ ਸਮੇਂ ਵਿਚ ਇਹ ਸਭ ਸਹਿਣ ਕਰ ਸਕਦੇ ਹਾਂ ਤੇ ਫਿਰ ਜਦੋ ਅਸੀਂ ਕੋਰੋਨਾ ਵਾਇਰਸ ਦੇ ਸੰਕਟ ਵਿਚੋਂ ਨਿਕਲਾਗੇ, ਸਾਨੂੰ ਇਹ ਸਭ ਤੌਰ ਤਰੀਕੇ ਅਨੁਸਾਸ਼ਨ , ਨਿਯਮ, ਸਬਰ, ਸੰਤੁਸਟੀ ਨੂੰ ਭੁਲਣਾ ਨਹੀਂ ਚਾਹਿੰਦਾ ਬੱਲਕੇ ਉਸ ਨੂੰ ਸਥਿਰ ਰੱਖ ਕੇ ਉਸ ਦੀ ਹਮੇਸਾਂ ਲਈ ਪਾਲਣਾ ਕਰਨੀ ਚਾਹਿੰਦੀ ਹੈ। ਜਿਸ ਨਾਲ ਅਸੀਂ ਇਕ ਵਿਹਤਰ ਸਮਾਜ ਦੀ ਉਤਪਦੀ ਕਰ ਸਕਦੇ ਹਾਂ।

ਵਸੀਅਤ ਦੇ ਵਿਚਾਰ - ਭਾਵ, "ਮੈਂ, ਮੈਂ, ਮੈਂ ਪਹਿਲਾਂ ..." ਹਮੇਸ਼ਾਂ ਮਾਨ-ਵਤਾ ਦੀ ਮਾਨਸਿਕਤਾ ਰਿਹਾ ਹੈ, ਪਰ ਇਹ ਮਹਾਂਮਾਰੀ ਸਾਨੂੰ ਉਸ ਮਾਨਸਿਕਤਾ ਨੂੰ ਦੂਰ ਕਰਨ ਲਈ ਮਜਬੂਰ ਕਰ ਰਹੀ ਹੈ।

ਇਹ ਬਰਫੀ ਦੀ ਟਿਪ ਹੀ ਹੈ! ਇਥੇ ਆਉਣ ਵਾਲੀਆਂ ਹੋਰ ਬੇਮਿਸਾਲ ਘਟਨਾਵਾਂ ਹਨ.

ਲੋਕੋ, ਬੱਸ ਵਾਪਸ ਬੈਠੋ ਅਤੇ ਇਹ ਦਰਸਾਓ ਕਿ ਕੋਵਿਡ -19 ਤੋਂ ਪਹਿਲਾਂ ਜ਼ਿੰਦਗੀ ਭਰ ਕੀ ਸੀ ਅਤੇ ਹੁਣ ਕੀ ਹੋ ਰਿਹਾ ਹੈ. ਇਹ ਸੱਚਮੁੱਚ ਤੁਹਾਡੀਆਂ ਅੱਖਾਂ ਖੋਲ੍ਹ ਰਿਹਾ ਹੈ , ਇਸ ਸਬਰ ਸੰਤੋਖ ਵਾਲੀ ਜ਼ਿੰਦਗੀ ਜਿਉਣ ਦੇ ਆਦੀ ਬਣੋ।






# ਹੱਥ ਧੋਣ ਵਾਲਾ ‘ਵਹਿਮ’

-ਡਾ. ਸੁਰਿੰਦਰ ਕੁਮਾਰ ਜਿੰਦਲ

ਕਰੀਬ ਬੱਤੀ ਸਾਲ ਪਹਿਲਾਂ ਦੀ ਗੱਲ ਹੈ, ਅਸੀਂ ਆਪਣੇ ਦਾਦਕੇ ਪਿੰਡ ਗਏ ਸੀ। ਉਥੇ ਗੱਲਾਂ ਗੱਲਾਂ ਵਿੱਚ ਤਾਇਆ ਜੀ ਦੇ ਪੁੱਤਰ ਨਾਲ ਹੱਥ ਧੋਣ ਦੇ ਤਰੀਕੇ ਬਾਰੇ ਗੱਲ ਤੁਰ ਪਈ (ਤਾਇਆ ਜੀ ਦਾ ਇਹ ਪੁੱਤਰ ਮੇਰਾ ਹਮ ਉਮਰ ਹੈ)। ਗੱਲ ਤੁਰਦੀ ਵੀ ਕਿਉਂ ਨਾ, ਪਿਤਾ ਜੀ ਨਾਲ ਸਨ! ਗੱਲਾਂ-ਗੱਲਾਂ ਵਿੱਚ ਮੈਂਥੋਂ ਕਹਿ ਹੋ ਗਿਆ ਕਿ ਪਿਤਾ ਜੀ ਸਾਡੇ ਕੋਲੋਂ ਹੱਥ ਤਾਂ ‘ਚੰਗੀ ਤਰ੍ਹਾਂ' ਧੁਆਉਂਦੇ ਹੀ ਨੇ, ਉਨ੍ਹਾਂ ਦਾ ਨਿਯਮ ਹੈ ਕਿ ਹੱਥ ਧੋਣ ਮਗਰੋਂ ਸਾਬਣ ਨੂੰ ਇੰਦਾਂ ਹੀ ਸਾਬਣਦਾਨੀ ਵਿੱਚ ਨਹੀਂ ਰੱਖਣਾ, ਸਾਬਣ ਨੂੰ ਵਗਦੇ ਪਾਣੀ ਹੇਠ ਧੋ ਕੇ ਫੇਰ ਸਾਬਣਦਾਨੀ ਵਿੱਚ ਰੱਖਣਾ ਹੈ।’ ਤਾਇਆ ਜੀ ਦੇ ਪੁੱਤਰ ਨੇ ਇਸ ਗੱਲ ਦਾ ਬੜਾ ਮਜ਼ਾਕ ਉਡਾਇਆ। ਉਸ ਨੇ ਅਖ਼ਬਾਰ ਵਿੱਚੋਂ ਕਾਫ਼ੀ ਦੇਰ ਪਹਿਲਾਂ ਪੜ੍ਹਿਆਂ ਅਜਿਹੀ ਔਰਤ ਦਾ ਕਿੱਸਾ ਸੁਣਾਇਆ ਜੋ ਦਿਮਾਗ਼ੀ ਤੌਰ 'ਤੇ ਪੂਰੀ ਤੰਦਰੁਸਤ ਨਹੀਂ ਸੀ। ਅਖੇ, ਉਹ ਔਰਤ ਹੱਥ ਧੋਣ ਦੇ ਲਈ ਵਰਤੇ ਜਾਂਦੇ ਸਾਬਣ ਨੂੰ ਪਹਿਲਾਂ ਇੱਕ ਹੋਰ ਸਾਬਣ ਨਾਲ ਧੋ ਕੇ ਸਾਫ਼ ਕਰਦੀ ਹੈ ਤਾਂ ਜੋ ਹੱਥ ਧੋਣ ਦੇ ਲਈ ਉਸ ਨੂੰ ਸਾਫ਼ ਸਾਬਣ ਮਿਲੇ।

ਅਸਲ ਵਿੱਚ ਮੇਰੇ ਪਿਤਾ ਜੀ ਸਿਹਤ ਵਿਭਾਗ ਵਿੱਚ ਨੌਕਰੀ ਕਰ ਚੁੱਕੇ ਹੋਣ ਕਾਰਨ ਸ਼ੁਰੂ ਤੋਂ ਹੀ ਹੱਥ ਰਗੜ ਕੇ, ਪੁੱਠੇ-ਸਿੱਧੇ ਕਰਕੇ ਧੋਂਦੇ ਹੁੰਦੇ ਸਨ। ਘਰ ਜਦੋਂ ਖਾਣਾ ਖਾਣ ਲਈ ਉਹ ਹੱਥ ਧੋਣ ਲੱਗਦੇ ਤਾਂ ਖਾਣਾ ਵਿਚਾਰਾ ਬਹੁਤੀ ਵਾਰੀ ਠੰਢਾ ਹੋ ਜਾਂਦਾ ਸੀ, ਜਿਸ ਕਾਰਨ ਮਾਤਾ ਜੀ ਨੂੰ ਪਿਤਾ ਜੀ ਪਾਸੋਂ ਸ਼ਾਇਦ ਕਦੇ ਕਦਾਈ 'ਤੱਤੇ ਬੋਲ' ਵੀ ਸੁਣਨੇ ਪਏ ਹੋਣ। ਕਈ ਪਰਵਾਰਕ ਜੀਅ, ਗੁਆਂਢੀ ਤੇ ਰਿਸ਼ਤੇਦਾਰ ਉਨ੍ਹਾਂ ਦਾ ਇਸ ਪੱਖੋਂ ਸਾਹਮਣੇ ਜਾਂ ਪਿੱਠੇ ਪਿੱਛੇ ਮਜ਼ਾਕ ਉਡਾਉਂਦੇ ਸਨ।

ਉਨ੍ਹਾਂ ਤੋਂ ਇਹੀ ਆਦਤ ਮੈਨੂੰ ਲੱਗ ਗਈ। ਵੱਡੇ ਹੋਣ ਤੇ ਸਾਇੰਸ ਦਾ ਵਿਦਿਆਰਥੀ ਬਣ ਜਾਣ ਕਾਰਨ ਇਹ ਆਦਤ ਘਟਣ ਦੀ ਥਾਂ ਵਧ ਗਈ। ਮੈਨੂੰ ਵੀ ਆਪਣੀ ਇਸ ਆਦਤ ਕਾਰਨ ਕਈ ਥਾਈ ਮਜ਼ਾਕ ਦਾ ਪਾਤਰ ਬਣਨਾ ਪਿਆ। ਜਦੋਂ ਵੀ ਅਸੀਂ ਕਿਤੇ ਜਾਂਦੇ, ਲੋਕੀ ਪਰੋਸੇ ਗਏ ਖਾਣੇ ਜਾਂ ਚਾਹ ਪਾਣੀ ਨੂੰ ਟੁੱਟ ਪੈ ਜਾਂਦੇ ਤੇ ਮੈਂ ਵਿਚਾਰਾ ਹੱਥ ਧੋਣ ਲੱਗ ਜਾਂਦਾ। ਬੱਸਾਂ ਵਿੱਚ ਸਫ਼ਰ ਕਰਨ ਮਗਰੋਂ ਪ੍ਰਾਹੁਣਾਚਾਰੀ ਵਿੱਚ ਜਾ ਕੇ ਬਿਨਾਂ ਹੱਥ ਧੋਤਿਆਂ ਕੁਝ ਵੀ ਖਾਣ-ਪੀਣ ਤੋਂ ਅਸਮਰਥ ਹੁੰਦਾ ਸੀ, ਜਦ ਕਿ ਮੇਰੇ ਨਾਲ ਦਾ ਕੋਈ ਵੀ ਇੰਨੀ ਪਰਵਾਹ ਨਹੀਂ ਸੀ ਕਰਦਾ ਹੁੰਦਾ। ਗੋਲ ਗੱਪੇ ਖਾਣ ਵੇਲੇ ਜਦੋਂ ਮੈਂ ਦੇਖਦਾ ਕਿ ਗੋਲ ਗੱਪੇ ਖੁਆਉਣ ਵਾਲਾ ਭਾਈ ਕਿਵੇਂ ਦੂਜਿਆਂ ਦੀ ਜੂਠੀ ਪਲੇਟ ਵਿੱਚ ਗੋਲ ਗੱਪੇ ਰੱਖਣ ਪਿੱਛੋਂ ਉਨ੍ਹਾਂ ਹੀ ਹੱਥਾਂ ਨਾਲ ਗੋਲ ਗੱਪੇ ਬਾਕੀ ਗਾਹਕਾਂ ਦੀ ਪਲੇਟ ਵਿੱਚ ਰੱਖੀ ਜਾਂਦਾ ਹੁੰਦਾ ਸੀ ਤਾਂ ਮੇਰਾ ਮਨ ਖ਼ਰਾਬ ਹੋ ਜਾਂਦਾ। ਉਹ ਗੱਲ ਹੋਰ ਸੀ ਕਿ ਮੈਂ ਪਰਵਾਰ ਦੇ ਜੀਆਂ ਦਾ ਸਾਥ ਦੇਣ ਲਈ ਜਾਂ ਦੁਨੀਆਂਦਾਰੀ ਦੇ ਵਰਤਾਰੇ ਸਾਹਮਣੇ ਗੋਡੇ ਟੇਕਦੇ ਹੋਏ ਕਈ ਵਾਰੀ ਗੋਲ ਗੱਪੇ ਖਾਧੇ ਵੀ ਹੋਣਗੇ, ਇਹ ਸੋਚ ਕੇ ਕਿ ਮੇਰੇ ਦਿਮਾਗ਼ ਦੀ ਹੀ ਕੋਈ ਗਰਾਰੀ ਢਿੱਲੀ ਹੋਣੀ ਹੈ। ਜੇ ਸਫ਼ਾਈ ਇੰਨੀ ਜ਼ਰੂਰੀ ਹੁੰਦੀ ਤਾਂ ਲੋਕਾਂ ਨੇ ਰੋਜ਼ ਹਸਪਤਾਲਾਂ ਵਿੱਚ ਵੱਡੀ ਗਿਣਤੀ 'ਚ ਭਰਤੀ ਹੋਣਾ ਸੀ।

ਅੱਜ ਜਦੋਂ ਮੈਂ ਪੂਰੇ ਸੰਸਾਰ ਦੇ ਲੋਕਾਂ ਨੂੰ ਚੀਕ ਚੀਕ ਕੇ ਹੈਂਡ ਸੈਨੇਟਾਈਜ਼ਰ ਅਤੇ ਤਰਲ ਸਾਬਣ ਵਰਤਣ ਦੀ ਲੋੜ ਦੀਆਂ ਗੱਲਾਂ ਕਰਦੇ ਸੁਣਦਾ ਹਾਂ ਆਪਣੇ ਪਿਤਾ ਜੀ ਵੱਲੋਂ ਦਿੱਤੀ ‘ਆਦਤ' ਉਤੇ ਮਾਣ ਜਿਹਾ ਹੁੰਦਾ ਹੈ।

ਦੂਜੀ ਘਟਨਾ ਛੇ ਸਾਲ ਪਹਿਲਾਂ ਭਾਰਤ ਦੇ ਵਿਦਿਆਰਥੀਆਂ ਲਈ ਲਾਏ ਪੱਧਰੀ ਕੈਂਪ ਦੀ ਹੈ। ਇਸ ਕੈਂਪ ਵਿੱਚ ਮੈਨੂੰ ਭਾਸ਼ਣ ਕਰਨ ਲਈ ਸੱਦਿਆ ਗਿਆ ਸੀ। ਮੈਨੂੰ ਵੀ ਬੜੇ ਪ੍ਰੇਰਨਾ ਵਾਲੇ ਭਾਸ਼ਣ ਸੁਣਨ ਨੂੰ ਮਿਲੇ। ਹਰ ਭਾਸ਼ਣ ਪਿੱਛੋਂ ਸਰੋਤੇ ਸਵਾਲ ਕਰਦੇ। ਇਸ ਕੈਂਪ ਦੀ ਖਾਸੀਅਤ ਸੀ-ਸਵਾਲ ਕੋਈ ਵੀ ਕਰ ਸਕਦਾ ਸੀ। ਇੱਕ ਹੋਰ ਪੰਜਾਬੀ ‘ਰਿਸੋਰਸ ਪਰਸਨ' ਵੀ ਇੱਕ ਦਿਨ ਉਥੇ ਪੁੱਜਾ ਹੋਇਆ ਸੀ। ਉਸ ਨੂੰ ਪ੍ਰਬੰਧਕਾਂ ਨੇ ਭਾਸ਼ਣ ਲਈ ਸੱਦਿਆ ਸੀ। ਬਠਿੰਡਾ ਤੋਂ ਆਏ ਉਸ ਸ਼ਖ਼ਸ ਨੇ ਹੱਥ ਧੋਣ ਦੀ ਮਹੱਤਤਾ ਅਤੇ ਵਿਧੀ ਉਥੇ ਆਪਣਾ ਭਾਸ਼ਣ ਰੱਖਿਆ। ਉਂਗਲਾਂ, ਅੰਗੂਠਿਆਂ ਤੇ ਗੁੱਟਾਂ ਨੂੰ ਮਸਲ ਮਸਲ ਕੇ ਧੋਣਾ, ਹੱਥਾਂ ਨੂੰ ਰਗੜ ਰਗੜ ਕੇ, ਪੁੱਠੇ-ਸਿੱਧੇ ਕਰਕੇ ਧੋਣਾ ਆਦਿ ਬਾਰੇ ਬੜੇ ਹੀ ਵਧੀਆ ਤਰੀਕੇ ਨਾਲ ਸਮਝਾਇਆ।

ਉਸ ਕੈਂਪ ਵਿੱਚ ਮੇਰੇ ਇੱਕ ਤੋਂ ਵੱਧ ਭਾਸ਼ਣ /ਡਿਊਟੀਆਂ ਹੋਣ ਕਾਰਨ ਮੈਂ ਤਿੰਨ ਦਿਨਾਂ ਤੋਂ ਕੈਂਪ ਵਿੱਚ ਹੀ ਰੁਕਿਆ ਹੋਇਆ ਸੀ। ਕੈਂਪਾਂ, ਖਾਸ ਤੌਰ ’ਤੇ ਕੌਮੀ ਪੱਧਰ ਦੇ ਕੈਂਪਾਂ ਵਿੱਚ ਸ਼ਮੂਲੀਅਤ ਅਤੇ ਜ਼ਿੰਮੇਵਾਰੀਆਂ ਕੁਝ ਜ਼ਿਆਦਾ ਹੀ ਹੋਣ ਕਾਰਨ ਪ੍ਰਬੰਧਕਾਂ ਵੱਲੋਂ ਸਰਵੋਤਮ ਕੋਸ਼ਿਸ਼ਾਂ ਦੇ ਬਾਵਜੂਦ ਖਾਣਾ ਆਦਿ ਖਾਣ ਤੋਂ ਪਹਿਲਾਂ ਹੱਥ ਧੋਣ ਲਈ ਓਦਾਂ ਦਾ ਪ੍ਰਬੰਧ ਅਕਸਰ ਨਹੀਂ ਹੋ ਸਕਦਾ, ਜਿੰਦਾਂ ਦਾ ਅਸੀਂ ਘਰੇ ਰੱਖਦੇ ਹੁੰਦੇ ਸੀ, ਜਾਂ ਫਿਰ ਜਿੰਦਾਂ ਦਾ ਕਿਤਾਬਾਂ ਵਿੱਚ ਦੱਸਿਆ ਹੁੰਦਾ ਹੈ। ਮੈਨੂੰ ਇਸ ਚੀਜ਼ ਦਾ ਮਲਾਲ ਸੀ, ਪਰ ਮੈਂ ਚੁੱਪ ਰਿਹਾ, ਕਿਉਂਕਿ ਮੈਨੂੰ ਤਾਂ ਹਰ ਥਾਂ ਅਜਿਹਾ ਮਲਾਲ ਰਹਿੰਦਾ ਸੀ, ਲੋਕਾਂ ਨਾਲ ਰਹਿਣ ਲਈ ਲੋਕਾਂ ਵਰਗੇ ਬਣਨਾ ਜ਼ਰੂਰੀ ਵੀ ਹੁੰਦਾ ਹੈ।

ਉਸ ਦਿਨ ‘ਬਠਿੰਡੇ ਵਾਲੇ ਭਾਈ' ਨੇ ਜਦੋਂ ਆਪਣਾ ਲੈਕਚਰ ਖਤਮ ਕੀਤਾ ਤਾਂ ਸਰੋਤਿਆਂ ਨੂੰ ਸਵਾਲ ਪੁੱਛਣ ਲਈ ਕਿਹਾ ਗਿਆ। ਮੇਰਾ ਮਨ ਜ਼ੋਰ ਪਾ ਰਿਹਾ ਸੀ ਕਿ ਖੜ੍ਹਾ ਹੋ ਜਾਵਾਂ ਤੇ ਸਵਾਲ ਕਰਾਂ, ‘ਕੀ ਹੱਥ ਧੋਣ ਦਾ ਇਹ ਤਰੀਕਾ ਸਹੀ ਤੇ ਜ਼ਰੂਰੀ ਹੈ? ਜੇ ਹਾਂ ਤਾਂ ਇਸ ਕੈਂਪ ਵਿੱਚ ਹੱਥ ਧੋਣ ਲਈ ਇੰਦਾਂ ਦੀ ਵਿਵਸਥਾ ਕਿਉਂ ਨਹੀਂ ਕੀਤੀ ਗਈ? ਜੇ ਹੱਥ ਧੋਣ ਦਾ ਇਹ ਤਰੀਕਾ ਇੰਨਾ ਜ਼ਰੂਰੀ ਨਹੀਂ ਤਾਂ ਭਾਸ਼ਣ ਨਾਲ ਸਮਾਂ ਬਰਬਾਦ ਕਰਨ ਦੀ ਕੀ ਲੋੜ ਪਈ ਸੀ?’ ਮੇਰਾ ਮਨ ਕਹਿ ਰਿਹਾ ਸੀ ਕਿ ਮੇਰੇ ਇਸ ਸਵਾਲ ਨਾਲ ਕੈਂਪ ਪ੍ਰਬੰਧਕ ਘੱਟੋ-ਘੱਟ ਮੇਰਾ ਇਸ਼ਾਰਾ ਸਮਝ ਹੀ ਜਾਣਗੇ ਅਤੇ ਮੇਰਾ ਬਾਕੀ ਦਾ ਸਮਾਂ ਵਧੀਆਂ ਬੀਤੇਗਾ। ਮੈਂ ਇਹ ਸੋਚ ਕੇ ਚੁੱਪ ਰਿਹਾ ਕਿ ਇਹ ‘ਬਠਿੰਡੇ ਵਾਲਾ ਭਾਈ' ਨਾਰਾਜ਼ ਨਾ ਹੋ ਜਾਵੇ। ਉਦਾਂ ਵੀ ਜਦੋਂ ਅਸੀਂ ਕੌਮੀ ਪੱਧਰ ਉਤੇ ਵਿਚਰ ਰਹੇ ਹੁੰਦੇ ਹਾਂ ਤਾਂ ਆਪਣੇ ਸੂਬੇ ਦੇ ਬਾਸ਼ਿੰਦੇ ਦੀਆਂ ਛੋਟੀਆਂ-ਮੋਟੀਆਂ ਗੱਲਾਂ ਨਜ਼ਰ ਅੰਦਾਜ਼ ਕਰਨਾ ਸਾਨੂੰ ਦੇਸ਼ਭਗਤੀ ਵਾਂਗ ਲੱਗਦਾ ਹੈ। ਮੈਂ ਚੁੱਪ ਰਿਹਾ ਪਰ ਉਸ ਲੈਕਚਰ ਦੀ ਅਸਲ ਮਹੱਤਤਾ ਸ਼ਾਇਦ ਅੱਜ ਸਮਝ ਆਈ ਹੈ। ਠੀਕ ਹੈ ਕਿ ਕੈਂਪਾਂ ਅਤੇ ਹੋਰ ਇਕੱਠਾਂ ਵਿੱਚ ਕਿਤਾਬੀ ਵਿਧੀ ਨਾਲ ਹੱਥ ਧੋਣਾ ਔਖਾ/ਅਸੰਭਵ ਹੋ ਸਕਦਾ ਹੈ ਪਰ ਇਹ ਵੀ ਕਿੱਥੇ ਲਿਖਿਆ ਹੈ ਕਿ ਕਿਤਾਬੀ ਵਿਧੀਆਂ ਨਾ ਸਮਝਾਈਆਂ ਜਾਣ। ਮੈਨੂੰ ਲੱਗਦਾ ਹੈ ਕਿ ਉਸ ਕੈਂਪ ਦੇ ਭਾਗੀਦਾਰਾਂ ਨੂੰ ਮੇਰੇ ਵਾਂਗ ਉਹ ਲੈਕਚਰ ਅੱਜ ਤਾਲਾਬੰਦੀ ਵੇਲੇ ਜ਼ਰੂਰ ਯਾਦ ਆਇਆ ਹੋਵੇਗਾ। ਮਹਾਮਾਰੀਆਂ ਦੌਰਾਨ ਹੱਥ ਕਿਵੇਂ ਧੋਣੇ ਚਾਹੀਦੇ ਨੇ-ਇਸ ਗੱਲ ਦੀ ਸਮਝ ਉਨ੍ਹਾਂ ਨੂੰ ਯਕੀਨਨ ਬਾਕੀ ਲੋਕਾਂ ਨਾਲੋਂ ਛੇਤੀ ਲੱਗੀ ਹੋਣੀ ਹੈ। ਮੇਰੇ ਪਿਤਾ ਜੀ ਦਾ ਮਜ਼ਾਕ ਉਡਾਉਣ ਵਾਲਿਆਂ ਦੀ ਗਿਣਤੀ ਘਟਾਉਣ ਵਿੱਚ ਵੀ ਉਸ ਭਾਸ਼ਣ ਦਾ ਉਚੇਚਾ ਯੋਗਦਾਨ ਰਿਹਾ ਹੋਵੇਗਾ।

## ਹਲਕਾ ਫੁਲਕਾ

*********

ਪਤੀ, ‘‘ਮੈਨੂੰ ਨੀਂਦ ਨਹੀਂ ਆ ਰਹੀ।’’
ਪਤਨੀ, ‘‘ਜਾਓ, ਜਾ ਕੇ ਭਾਂਡੇ ਸਾਫ ਕਰ ਲਓ।’’
ਪਤੀ, ‘‘ਨੀਂਦ ਵਿੱਚ ਬੋਲ ਰਿਹਾ ਹਾਂ ਪਾਗਲ।’’


*********

ਸੁਮਿਤ, ‘‘ਚੱਲ ਆਪਣੇ ਬਚਪਨ ਦੀ ਕੋਈ ਗੱਲ ਦੱਸ।’’
ਹਰੀਸ਼, ‘‘ਬਚਪਨ ਵਿੱਚ ਮੈਂ ਬੜਾ ਤਾਕਤਵਰ ਸੀ।’’
ਸੁਮਿਤ, ‘‘ਉਹ ਕਿਵੇਂ?’’
ਹਰੀਸ਼, ‘‘ਮੰਮੀ ਕਹਿੰਦੀ ਹੈ ਕਿ ਜਦੋਂ ਮੈਂ ਰੋਂਦਾ ਸੀ ਤਾਂ ਸਾਰਾ ਘਰ ਸਿਰ 'ਤੇ ਚੁੱਕ ਲੈਂਦਾ ਸੀ।’’

*********

ਸੁਭਾਸ਼, ‘‘ਡਾਕਟਰ ਸਾਹਿਬ, ਮੇਰੇ ਉਪਰ ਵਾਲੇ ਦੰਦ ਨੂੰ ਕੀੜਾ ਲੱਗਾ ਹੈ, ਤੁਸੀਂ ਹੇਠਲਾਂ ਦੰਦ ਕੱਢ ਦਿੱਤਾ।’’
ਡਾਕਟਰ, ‘‘ਉਹ ਕੀੜਾ ਹੇਠਲੇ ਦੰਦ 'ਤੇ ਖੜ੍ਹਾ ਹੋ ਕੇ ਉਪਰਲੇ ਦੰਦ ਨੂੰ ਕੱਟਦਾ ਸੀ।’’

# ਬਹੁਤ ਬੁਰਾ ਹੈ ਮੌਤਾਂ ਬਾਰੇ ਸੰਵੇਦਨਾ ਅਤੇ ਜਿੰਦਾ ਰਹਿਣ ਦੀ ਇੱਛਾ ਦਾ ਮਰ ਜਾਣਾ



ਜਤਿੰਦਰ ਪੰਨੂ

ਟੈਲੀਵੀਜ਼ਨ ਸਕਰੀਨਾਂ ਉੱਤੇ ਖਬਰਾਂ ਦੇ ਸਿਰਲੇਖ ਦੌੜਦੇ ਜਾ ਰਹੇ ਹਨ। ਕੋਰੋਨਾ ਦੇ ਪੀੜਤਾਂ ਦੀ ਗਿਣਤੀ ਲਗਾਤਾਰ ਵਧੀ ਜਾਂਦੀ ਹੈ। ਹੈਰਾਨੀ ਵਾਲੀ ਗੱਲ ਹੈ ਕਿ ਖਬਰਾਂ ਮੁੱਕ ਨਹੀਂ ਰਹੀਆਂ, ਪਰ ਲੋਕਾਂ ਦਾ ਇਨ੍ਹਾਂ ਵੱਲ ਧਿਆਨ ਨਹੀਂ। ਖਬਰਾਂ ਦਾ ਸਾਰ ਇਹ ਹੈ ਕਿ ਫਲਾਣੇ ਥਾਂ ਐਨੇ ਲੋਕ ਕੋਰੋਨਾ ਪਾਜ਼ਿਟਿਵ ਨਿਕਲੇ, ਦੇਸ਼ ਵਿੱਚ ਕੋਰੋਨਾ ਦੇ ਕੇਸਾਂ ਦਾ ਅੰਕੜਾ ਐਨੇ ਸੌ ਹੋਰ ਵਧ ਗਿਆ ਅਤੇ ਬੀਤੇ ਚੌਵੀ ਘੰਟਿਆਂ ਵਿੱਚ ਐਨੇ ਲੋਕ ਹੋਰ ਇਸ ਬਿਮਾਰੀ ਦੇ ਕਾਰਨ ਮਾਰੇ ਗਏ। ਫਿਰ ਇਹ ਖਬਰ ਚੱਲ ਪੈਂਦੀ ਹੈ ਕਿ ਫਲਾਣੇ ਥਾਂ ਲੋਕਾਂ ਨੂੰ ਲਾਕਡਾਊਨ ਦਾ ਅਰਥ ਸਮਝਾਉਣ ਗਈ ਪੁਲਸ ਨੂੰ ਪੱਥਰ ਵੱਜੇ ਅਤੇ ਫਲਾਣੇ ਰਾਜ ਦੇ ਫਲਾਣੇ ਸ਼ਹਿਰ ਵਿੱਚ ਪੁਲਸ ਨੇ ਲਾਕਡਾਊਨ ਦੌਰਾਨ ਘਰਾਂ ਤੋਂ ਨਿਕਲੇ ਲੋਕਾਂ ਦੀਆਂ ਇਸ ਤਰ੍ਹਾਂ ਕੰਨ ਫੜਾ ਕੇ ਉਨ੍ਹਾਂ ਤੋਂ ਬੈਠਕਾਂ ਕੱਢਵਾਈਆਂ ਤੇ ਡੰਗਰਾਂ ਵਾਂਗ ਕੁੱਟਿਆ ਹੈ। ਇਹ ਖਬਰ ਵੀ ਸੁਣਦੀ ਹੈ ਕਿ ਕਿਸੇ ਥਾਂ ਫਲਾਣੀ ਪਾਰਟੀ ਦਾ ਫਲਾਣਾ ਆਗੂ ਰਿਲੀਫ ਵੰਡਣ ਗਿਆ ਸੀ, ਉਸ ਨੇ ਲੋਕਾਂ ਨੂੰ ਮੂੰਹਾਂ ਉੱਤੇ ਬੰਨ੍ਹਣ ਲਈ ਮਾਸਕ ਵੰਡੇ ਸਨ, ਪਰ ਆਪ ਮਾਸਕ ਪਾਉਣ ਦੀ ਲੋੜ ਨਹੀਂ ਸੀ ਸਮਝੀ। ਇਸ ਪਿੱਛੋਂ ਅੱਕੇ ਹੋਏ ਲੋਕਾਂ ਅੱਗੇ ਸੰਸਾਰ ਭਰ ਦੇ ਦੇਸ਼ਾਂ ਵਿੱਚ ਹੁੰਦੀਆਂ ਮੌਤਾਂ ਦੇ ਅੰਕੜੇ ਪੇਸ਼ ਕਰਨੇ ਸ਼ੁਰੂ ਕਰ ਦਿੱਤੇ ਜਾਂਦੇ ਹਨ, ਜਿਨ੍ਹਾਂ ਨੂੰ ਲੋਕ ਅਕੇਵੇਂ ਨਾਲ ਵੇਖਦੇ ਅਤੇ ਚੈਨਲ ਬਦਲ ਲੈਂਦੇ ਹਨ।

ਇਨ੍ਹਾਂ ਤੋਂ ਸਿਵਾ ਕੋਈ ਹੋਰ ਏਦਾਂ ਦੀ ਖਬਰ ਨਹੀਂ ਮਿਲਦੀ, ਜਿਹੜੀ ਕੁਝ ਵੱਖਰੀ ਕਹੀ ਜਾ ਸਕੇ। ਕੇਂਦਰ ਜਾਂ ਰਾਜ ਸਰਕਾਰ ਦੇ ਕਿਸੇ ਮੰਤਰੀ ਦਾ ਕੋਈ ਐਲਾਨ ਜਾਂ ਕੋਈ ਨਵਾਂ ਹੁਕਮ ਸੁਣ-ਾਇਆ ਜਾਂਦਾ ਹੈ ਤਾਂ ਉਹ ਵੀ ਕੋਰੋਨਾ ਦੀ ਬਿਮਾਰੀ ਦੇ ਕਾਰਨ ਪੈਦਾ ਹੋਏ ਹਾਲਾਤ ਨਾਲ ਸੰਬੰਧਤ ਹੁੰਦਾ ਹੈ। ਇਸ ਦੌਰਾਨ ਕਰਫਿਊ ਜਾਰੀ ਰੱਖਣ ਦਾ ਫੈਸਲਾ ਆ ਗਿਆ। ਲੋਕਾਂ ਨੂੰ ਇਸ ਵਿੱਚ ਵੀ ਕੁਝ ਖਾਸ ਨਜ਼ਰ ਨਹੀਂ ਆਇਆ। ਕਰਫਿਊ ਹਟਾਉਣ ਦਾ ਫੈਸਲਾ ਹੁੰਦਾ ਤਾਂ ਵੱਖਰੀ ਖਬਰ ਹੋ ਸਕਦੀ ਸੀ, ਪਰ ਕਰਫਿਊ ਜਾਰੀ ਹੈ ਤੇ ਜਾਰੀ ਰਹਿਣਾ ਹੈ, ਇਸ ਵਿੱਚ ਖਾਸ ਗੱਲ ਹੀ ਕੁਝ ਨਹੀਂ। ਸੰਸਾਰ ਵਿੱਚ ਮੌਤਾਂ ਦੀ ਗਿਣਤੀ ਲੱਖ ਤੋਂ ਟੱਪ ਗਈ, ਆਮ ਲੋਕਾਂ ਨੇ ਇਸ ਉੱਤੇ ਵੀ ਹੈਰਾਨੀ ਨਹੀਂ ਵਿਖਾਈ। ਏਦਾਂ ਸੀ, ਜਿਵੇਂ ਪਹਿਲਾਂ ਹੀ ਪਤਾ ਸੀ।

ਆਖਰ ਲੋਕਾਂ ਨੂੰ ਇਸ ਵਿੱਚ ਕੁਝ ਖਾਸ ਕਿਉਂ ਨਹੀਂ ਜਾਪਦਾ? ਇਸ ਲਈ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇੱਕ ਹਫਤਾ ਪਹਿਲਾਂ ਕਹਿ ਦਿੱਤਾ ਸੀ ਕਿ ਦੋ ਕੁ ਲੱਖ ਮੌਤਾਂ ਤੱਕ ਗੱਲ ਜਾ ਸਕਦੀ ਹੈ ਅਤੇ ਜੇ ਏਥੋਂ ਤੱਕ ਸੀਮਤ ਹੋ ਗਈ ਤਾਂ ਇਸ ਵਿੱਚ ਟਰੰਪ ਨੂੰ ਆਪਣੀ ਸਰਕਾਰ ਦੀ ਕਾਮਯਾਬੀ ਜਾਪਦੀ ਸੀ। ਜਦੋਂ ਟਰੰਪ ਨੇ ਇਹ ਗੱਲ ਇੱਕ ਪ੍ਰੈੱਸ ਕਾਨਫਰੰਸ ਵਿੱਚ ਕਹੀ, ਓਦੋਂ ਅਸੀਂ ਹੈਰਾਨ ਹੋਏ ਸਾਂ ਕਿ ਏਡੀ ਗੱਲ ਇਸ ਬੰਦੇ ਨੇ ਏਨੇ ਸਾਧਾਰਨ ਰੌਂਅ ਵਿੱਚ ਕਿਵੇਂ ਕਹਿ ਦਿੱਤੀ ਹੈ, ਪਰ ਇੱਕ ਹਫਤਾ ਬਾਅਦ ਇਸ ਦੇ ਅਰਥ ਸਮਝ ਆਏ ਹਨ। ਜਦੋਂ ਮੌਤਾਂ ਦੀ ਗਿਣਤੀ ਉਸ ਦੇ ਦੇਸ਼ ਵਿੱਚ ਅਜੇ ਹੋਣੀ ਨਹੀਂ ਸੀ ਸ਼ੁਰੂ ਹੋਈ, ਚੀਨ ਵਿੱਚ ਤੇ ਫਿਰ ਇਰਾਨ ਜਾਂ ਇਟਲੀ ਬਾਰੇ ਕਰਨੀ ਪੈਂਦੀ ਸੀ, ਓਦੋਂ ਸਭ ਦੁਨੀਆ ਦੇ ਨਾਲ ਅਮਰੀਕੀ ਲੋਕਾਂ ਨੂੰ ਵੀ ਸੈਂਕੜਾ ਪਾਰ ਕਰਨ ਤੇ ਫਿਰ ਹਜ਼ਾਰ ਦੀ ਹੱਦ ਟੱਪਣ ਨਾਲ ਹੈਰਾਨੀ ਹੋ ਸਕਦੀ ਸੀ। ਇਟਲੀ ਵਿੱਚ ਮੌਤਾਂ ਦੀ ਗਿਣਤੀ ਦਸ ਹਜ਼ਾਰ ਹੋਣ ਦੀ ਚਰਚਾ ਵੀ ਹੈਰਾਨੀ ਨਾਲ ਹੋਈ ਸੀ। ਜਿਸ ਤਰ੍ਹਾਂ ਦੀ ਹੈਰਾਨੀ ਇਟਲੀ ਵਿੱਚ ਮੌਤਾਂ ਦੀ ਗਿਣਤੀ ਇੱਕ ਹਜ਼ਾਰ ਤੇ ਫਿਰ ਦਸ ਹਜ਼ਾਰ ਟੱਪ ਜਾਣ ਨਾਲ ਹੋਈ ਸੀ, ਉਸ ਕਿਸਮ ਦੀ ਹੈਰਾਨੀ ਓਦੋਂ ਬਿਲਕੁਲ ਨਹੀਂ ਹੋਈ, ਜਦੋਂ ਮੌਤਾਂ ਦੀ ਗਿਣਤੀ ਅਮਰੀਕਾ ਵਿੱਚ ਦਸ ਹਜ਼ਾਰ ਨੂੰ ਟੱਪੀ ਅਤੇ ਫਿਰ ਓਦੋਂ ਵੀ ਨਹੀਂ ਹੋਈ, ਜਦੋਂ ਇੱਕ ਲੱਖ ਮੌਤਾਂ ਸੰਸਾਰ ਵਿੱਚ ਹੋਣ ਦੀ ਖਬਰ ਆਈ ਸੀ। ਓਦੋਂ ਸਾਨੂੰ ਸਮਝ ਪਈ ਕਿ ਟਰੰਪ ਨੇ ਆਪਣੇ ਲੋਕਾਂ ਨੂੰ ਅਗੇਤਾ ਇੱਕ ਵੱਡੇ ਮਾਨਸਿਕ ਹਲੂਣੇ ਲਈ ਤਿਆਰ ਕਰ ਲਿਆ ਸੀ ਕਿ ਮ੍ਰਿਤਕਾਂ ਦੀ ਗਿਣਤੀ ਸੰਸਾਰ ਭਰ ਵਿੱਚ ਕੀ, ਇਕੱਲੇ ਅਮਰੀਕਾ ਵਿੱਚ ਹੀ ਲੱਖ-ਦੋ ਲੱਖ ਤੱਕ ਜਾ ਸਕਦੀ ਹੈ। ਕਮਾਲ ਦੀ ਰਾਜਨੀਤਕ ਕਲਾਕਾਰੀ ਹੈ ਕਿ ਕੁਝ ਕੀਤਾ ਹੀ ਨਹੀਂ ਤੇ ਆਪਣੇ ਲੋਕਾਂ ਦੇ ਮਨਾਂ ਵਿੱਚੋਂ ਮਰਨ ਦਾ ਫਿਕਰ ਖਤਮ ਕਰ ਕੇ ਉਸ ਦੀ ਥਾਂ ਸੰਵੇਦਨਹੀਣਤਾ ਭਰ ਦਿੱਤੀ ਹੈ।



ਡੋਨਾਲਡ ਟਰੰਪ ਦੀ ਇਸ ਰਾਜਨੀਤਕ ਕਲਾਕਾਰੀ ਦਾ ਅਸਰ ਸਿਰਫ ਅਮਰੀਕੀ ਲੋਕਾਂ ਦੀ ਮਾਨਸਕਿਤਾ ਉੱਤੇ ਨਹੀਂ ਹੋਇਆ, ਸਾਰੀ ਦੁਨੀਆ ਦੇ ਉਨ੍ਹਾਂ ਲੋਕਾਂ ਦੀ ਮਾਨਸਿਕਤਾ ਉੱਤੇ ਹੋਇਆ ਹੈ, ਜਿਹੜੇ ਇਲੈਕਟਰਾਨਿਕ ਮੀਡੀਆ ਦੇ ਰਾਹੀਂ ਆਪਣੇ ਆਪ ਨੂੰ 'ਗਲੋਬਲ ਪਿੰਡ' ਦਾ ਨਾਗਰਿਕ ਸਮਝਣ ਦਾ ਭਰਮ ਪਾਲਣ ਲੱਗੇ ਹਨ। ਉਹ ਲੋਕ ਦੋ ਦਿਨ ਪਹਿਲਾਂ ਇਸ ਬਾਰੇ ਚਰਚਾ ਕਰਨ ਲੱਗੇ ਸਨ ਕਿ ਕੱਲ੍ਹ-ਪਰਸੋਂ ਤੱਕ ਇਹ ਗਿਣਤੀ ਲੱਖ ਟੱਪ ਜਾਵੇਗੀ। ਚਰਚਾ ਕਰਨ ਦਾ ਢੰਗ ਏਦਾਂ ਸੀ, ਜਿਵੇਂ ਕਿਸੇ ਕ੍ਰਿਕਟ ਪਲੇਅਰ ਦੇ ਬਾਰੇ ਚਰਚਾ ਕਰਦੇ ਹੋਣ ਕਿ ਹੋਰ ਦੋ ਮੈਚਾਂ ਤੱਕ ਉਸ ਵੱਲੋਂ ਬਣਾਏ ਰੰਨ ਦਾ ਸਕੋਰ ਐਨੇ ਹਜ਼ਾਰ ਨੂੰ ਪਾਰ ਕਰ ਜਾਵੇਗਾ। ਇਹੀ ਨਹੀਂ, ਉਹ ਲੋਕ ਸਗੋਂ ਇਹ ਚਰਚਾ ਕਰਦੇ ਵੀ ਵੇਖੇ ਜਾਣ ਲੱਗੇ ਸਨ ਕਿ ਦੁਨੀਆ ਦੇ ਐਨੇ ਦੇਸ਼ਾਂ ਵਿੱਚ ਇਹ ਮੁਸੀਬਤ ਪਹੁੰਚ ਗਈ ਹੈ ਤੇ ਐਨੇ ਕੁ ਬਾਕੀ ਰਹਿ ਗਏ ਹਨ ਅਤੇ ਇਸ ਬਾਰੇ ਉਹ ਸੋਚਣ ਨੂੰ ਵੀ ਤਿਆਰ ਨਹੀਂ ਸਨ ਕਿ ਇਸ ਨਾਲ ਇਨਸਾਨੀਅਤ ਦੀ ਹੋਂਦ ਨੂੰ ਖਤਰਾ ਬਣ ਗਿਆ ਹੋ ਸਕਦਾ ਹੈ।

ਜੀ ਹਾਂ, ਇਹ ਮੁੱਦਾ ਕੋਈ ਥੋੜ੍ਹੇ ਸਮੇਂ ਦੇ ਅਸਰ ਵਾਲਾ ਨਹੀਂ। ਜਿਹੀ ਜਿਹੀ ਬਿਮਾਰੀ ਉੱਠੀ ਹੈ, ਅਸੀਂ ਇਸ ਚਰਚਾ ਵਿੱਚ ਨਹੀਂ ਪੈ ਰਹੇ ਕਿ ਕਿਸੇ ਦੇਸ਼ ਨੇ ਕੋਈ ਜੈਵਿਕ ਹਥਿਆਰ, ਬਾਇਲੋਜੀਕਲ ਪਟਾਕਾ ਬਣਾ ਲਿਆ ਜਾਂ ਬਣਾਉਣ ਲਈ ਕੋਸ਼ਿਸ਼ ਕੀਤੀ ਹੈ, ਪਰ ਇਸ ਮੁਸੀਬਤ ਵਿੱਚੋਂ ਸਹਿਜ ਸੁਭਾਅ ਇਸ ਦਾ ਖਿਆਲ ਕਿਸੇ ਨੂੰ ਆ ਸਕਦਾ ਹੈ। ਅਜੇ ਤੱਕ ਕਿਸੇ ਦੇਸ਼ ਨੇ ਇਹੋ ਜਿਹੀ ਚੀਜ਼ ਨਹੀਂ ਵੀ ਬਣਾਈ ਤਾਂ ਐਟਮ ਬੰਬਾਂ ਤੋਂ ਵੱਧ ਮਾਰੂ ਇਹੋ ਜਿਹੀ ਖੁਰਾਫਾਤ ਕਿਸੇ ਸ਼ਰਾਰਤੀ ਮਨ ਵਿੱਚ ਭਲਕ ਨੂੰ ਆ ਸਕਦੀ ਹੈ। ਆਮ ਪ੍ਰਭਾਵ ਹੈ ਕਿ ਇਸ ਬਿਮਾਰੀ ਦਾ ਅਜੇ ਤੱਕ ਇਲਾਜ ਹੀ ਕੋਈ ਨਹੀਂ ਨਿਕਲਿਆ ਤੇ ਇਹ ਵੀ ਗੱਲ ਚੱਲਦੀ ਹੈ ਕਿ ਕੁਝ ਦੇਸ਼ਾਂ ਨੇ ਇਸ ਦਾ ਤੋੜ ਤਾਂ ਲੱਭ ਲਿਆ ਹੈ, ਪਰ ਕਿਸੇ ਨੂੰ ਦੱਸਿਆ ਨਹੀਂ। ਅਸੀਂ ਅਜੇ ਇਹ ਮੰਨ ਲੈਂਦੇ ਹਾਂ ਕਿ ਨਹੀਂ ਨਿਕਲਿਆ ਤੇ ਇਹ ਸੋਚਦੇ ਹਾਂ ਕਿ ਜੇ ਬਿਮਾਰੀ ਏਸੇ ਤਰ੍ਹਾਂ ਵਧਦੀ ਗਈ ਤੇ ਕੋਈ ਇਲਾਜ ਨਾ ਮਿਲਿਆ ਤਾਂ ਫਿਰ ਇਸ ਦੇ ਅੱਗੇ ਡੱਕਾ ਨਹੀਂ ਲੱਗ ਸਕਣਾ। ਉਸ ਹਾਲਤ ਵਿੱਚ ਇਨਸਾਨੀਅਤ ਦਾ ਬਣੇਗਾ ਕੀ?

ਸਾਡੇ ਲੋਕ ਤੇ ਸੰਸਾਰ ਦੇ ਲੋਕ, ਅਤੇ ਖਾਸ ਕਰ ਕੇ ਅਮਰੀਕਾ ਦੇ ਲੋਕ ਇਹੋ ਜਿਹੀ ਗੱਲ ਸੋਚਣ ਨੂੰ ਤਿਆਰ ਨਹੀਂ। ਜਦੋਂ ਉਹ ਏਨੀ ਗੱਲ ਵੀ ਸੋਚਣ ਨੂੰ ਤਿਆਰ ਨਹੀਂ ਤਾਂ ਉਹ ਆਪਣੇ ਦਿਮਾਗ ਦਾ ਪਾਣੀ ਇਹ ਗੱਲਾਂ ਸੋਚ ਕੇ ਵੀ ਕੱਢਣ ਨੂੰ ਤਿਆਰ ਨਹੀਂ ਹੋਣਗੇ ਕਿ ਜਿਹੜੀ ਬਿਮਾਰੀ ਨੂੰ ਚੀਨ ਦੀ ਦੱਸਿਆ ਜਾਂਦਾ ਸੀ, ਚੀਨੀ ਡਾਕਟਰਾਂ ਨੇ ਸੁਪਰ ਕੰਪਿਊਟਰ ਦੀ ਮਦਦ ਨਾਲ ਇਹ ਜੜ੍ਹ ਲੱਭ ਲਈ ਹੈ ਕਿ ਉਸ ਦਾ ਵਾਇਰਸ ਪਿਛਲੇ ਸਾਲ ਇੱਕ ਮਰੀਜ਼ ਦੀ ਕੈਟ ਸਕੈਨ ਵਿੱਚ ਅਮਰੀਕਾ ਦੇ ਨਾਰਥ ਕੈਰੋਲੀਨਾ ਸਟੇਟ ਦੇ ਇੱਕ ਹਸਪਤਾਲ ਵਿੱਚ ਵੀ ਦਿੱਸ ਪਿਆ ਸੀ। ਚੀਨੀ ਡਾਕਟਰਾਂ ਦੇ ਦਾਅਵੇ ਦਾ ਅਮਰੀਕਾ ਦੇ ਡਾਕਟਰਾਂ ਨੇ ਨਰਮ ਜਿਹੀ ਸੁਰ ਵਿੱਚ ਭਾਵੇਂ ਖੰਡਨ ਕੀਤਾ ਹੈ, ਪਰ ਇਸ ਨਾਲ ਸ਼ੱਕ ਪੈਦਾ ਹੋ ਗਿਆ ਹੈ ਕਿ ਪਿਛਲੇ ਸਾਲ ਜੇ ਸਚਮੁੱਚ ਏਦਾਂ ਦੇ ਵਾਇਰਸ ਦੀ ਕੋਈ ਸੂਹ ਮਿਲ ਗਈ ਸੀ ਤਾਂ ਦੁਨੀਆ ਸਾਹਮਣੇ ਇਸ ਲਈ ਨਹੀਂ ਆਈ ਕਿ ਗੱਲ ਦੱਬ ਦਿੱਤੀ ਗਈ ਸੀ। ਇਸ ਨੂੰ ਦੱਬਣ ਦਾ ਜ਼ਿੰਮੇਵਾਰ ਕੌਣ ਸੀ, ਇਹ ਚਰਚਾ ਕਿਸੇ ਪਾਸੇ ਨਹੀਂ ਚੱਲੀ। ਸੰਸਾਰ ਦੀ ਮਹਾਂਸ਼ਕਤੀ ਦਾ ਦਰਜਾ ਅਮਰੀਕਾ ਨੂੰ ਐਵੇਂ ਨਹੀਂ ਮਿਲਿਆ। ਇਸ ਮਹਾਂਸ਼ਕਤੀ ਨੂੰ ਰਾਸ਼ਟਰਪਤੀ ਨਹੀਂ ਚਲਾਉਂਦਾ। ਉਸ ਨੂੰ ਚਲਾਉਣ ਵਾਲੇ ਥਿੰਕ ਟੈਂਕ ਇਹ ਗੱਲ ਅਗੇਤੀ ਸੋਚ ਸਕਦੇ ਹਨ ਕਿ ਜਿਹੜੇ ਹਾਲਾਤ ਦਾ ਕੱਲ੍ਹ ਨੂੰ ਸਾਹਮਣਾ ਕਰਨਾ ਹੈ ਅਤੇ ਲੋਕਾਂ ਨੂੰ ਓਦੋਂ ਝਟਕਾ ਲੱਗਣਾ ਹੈ, ਉਸ ਬਾਰੇ ਅਗੇਤਾ ਹੀ ਉਨ੍ਹਾਂ ਨੂੰ ਤਿਆਰ ਕਰ ਲੈਣਾ ਚਾਹੀਦਾ ਹੈ। ਇੱਕ ਲੱਖ ਤੋਂ ਵੱਧ ਮੌਤਾਂ ਹੋਣ ਵਾਲੀ ਖਬਰ ਨੇ ਸੰਸਾਰ ਦੇ ਲੋਕਾਂ ਨੂੰ ਝੰਜੋੜਿਆ ਕਿਉਂ ਨਾ, ਇਸ ਦਾ ਕਾਰਨ ਟਰੰਪ ਦੀ ਟਿਪਣੀ ਵੀ ਹੋ ਸਕਦਾ ਹੈ।

ਪਾਸ਼ ਨੇ ਕਿਹਾ ਸੀ: ਬਹੁਤ ਹੀ ਖਤਰਨਾਕ ਹੁੰਦਾ ਹੈ ਸੁਫਨਿਆਂ ਦਾ ਮਰ ਜਾਣਾ, ਤੇ ਠੀਕ ਕਿਹਾ ਸੀ, ਪਰ ਇਸ ਤੋਂ ਵੀ ਬੁਰਾ ਹੋਵੇਗਾ ਲੋਕਾਂ ਅੰਦਰੋਂ ਜਿੰਦਾ ਹੋਣ ਦੀ ਸੰਵੇਦਨਾ ਜਾਂ ਜਿੰਦਾ ਰਹਿਣ ਦੀ ਲੋੜ ਦਾ ਮਰ ਜਾਣਾ। ਸ਼ਾਇਦ!

# ਮੁਲਕ ਦੇ ਹਾਲਾਤ ਤੇ ਲੋੜਾਂ

-ਪਾਵੇਲ ਕੁੱਸਾ

ਕੋਰੋਨਾ ਵਾਇਰਸ ਦੀ ਲਾਗ ਦੇ ਪਸਾਰੇ ਨੂੰ ਰੋਕਣ ਲਈ ਭਾਰਤ ਸਰਕਾਰ ਤੇ ਰਾਜ ਸਰਕਾਰਾਂ ਦੀਆਂ ਤਿਆਰੀਆਂ ਤੇ ਲੋੜੀਂਦੇ ਕਦਮ ਖਤਰਨਾਕ ਹੱਦ ਤੱਕ ਊਣੇ ਹਨ। ਇਸ ਹਾਲਤ ਦੇ ਬਾਵਜੂਦ ਊਣੇ ਹਨ ਕਿ ਭਾਰਤ ਕੋਲ ਇੰਨਾ ਕੁ ਤਿਆਰੀ ਦਾ ਸਮਾਂ ਸੀ ਕਿ ਦੇਸ਼ ਵਿੱਚ ਇਸ ਦੇ ਦਾਖਲੇ ਦੀਆਂ ਸੰਭਾਵਨਾਵਾਂ ਨੂੰ ਬਹੁਤ ਸੀਮਿਤ ਕੀਤਾ ਜਾ ਸਕਦਾ ਸੀ। ਹੋਰ ਦੇਸ਼ਾਂ ਤੋਂ ਆਉਂਦੇ ਲੋਕਾਂ ਦੀ ਸਖਤੀ ਨਾਲ ਜਾਂਚ ਕੀਤੀ ਜਾ ਸਕਦੀ ਸੀ ਤੇ ਉਨ੍ਹਾਂ ਦੇ ਇਕਾਂਤਵਾਸ ਲਈ ਕਦਮ ਚੁੱਕੇ ਜਾ ਸਕਦੇ ਸਨ। ਚੀਨ ਤੇ ਇਟਲੀ ਵਰਗੇ ਦੇਸ਼ ਪਹਿਲਾਂ ਇਸ ਦੀ ਲਪੇਟ 'ਚ ਆ ਚੁੱਕੇ ਸਨ। ਜਿਵੇਂ ਉਨ੍ਹਾਂ ਨੇ ਇਸ ਦੀ ਰੋਕਥਾਮ ਤੇ ਇਲਾਜ ਦੇ ਕਦਮ ਚੁੱਕੇ ਸਨ, ਉਹ ਵੀ ਦੂਸਰੇ ਦੇਸ਼ਾਂ ਲਈ ਤਜਰਬੇ ਦੇ ਪੱਖੋਂ ਮਹੱਤਵ ਪੂਰਨ ਹੋ ਸਕਦੇ ਸਨ, ਪਰ ਹਮੇਸ਼ਾ ਦੀ ਤਰ੍ਹਾਂ ਭਾਰਤੀ ਰਾਜਤੰਤਰ ਬੇਪ੍ਰਵਾਹ ਰਿਹਾ। ਦੇਸ਼ 'ਚ ਹਰ ਪਾਸੇ ਤੋਂ ਧੜਾਧੜ ਜਹਾਜ਼ ਆਉਂਦੇ ਗਏ ਤੇ ਸਰਕਾਰ ਡੇਢ ਮਹੀਨਾ ਹੱਥ 'ਤੇ ਹੱਥ ਰੱਖ ਦੇਖਦੀ ਰਹੀ। ਜਦੋਂ ਖਤਰਾ ਸਿਰ 'ਤੇ ਆ ਖੜ੍ਹਾ ਹੋਇਆ ਤਾਂ ਬਿਨਾਂ ਲੋੜੀਂਦੀ ਤਿਆਰੀ ਕੀਤੇ, ਬਿਨ-ਵਿਉਂਤ ਦੇ ਕਰਫਿਊ ਮੜ੍ਹ ਦਿੱਤਾ ਗਿਆ। ਕਈ ਪੱਤਰਕਾਰ ਇਸ ਨੂੰ ਵਿਸ਼ਵ ਦੀ ਸਭ ਤੋਂ ਕੁੱਢਰ ਤਾਲਾਬੰਦੀ ਕਹਿ ਰਹੇ ਹਨ।

ਅਜਿਹੀ ਬੇਕਿਰਕ ਤਾਲਾਬੰਦੀ ਚੀਨ ਤੇ ਇਟਲੀ ਵਰਗੇ ਦੇਸ਼ਾਂ ਨੇ ਵੀ ਨਹੀਂ ਸੀ ਕੀਤੀ ਹਾਲਾਂਕਿ ਉਥੇ ਜੀਵਨ ਪੱਧਰ ਸਾਡੇ ਤੋਂ ਉੱਚਾ ਹੈ ਤੇ ਸਮਾਜ ਵੀ ਉਚੇਚੇ ਪੱਧਰ 'ਤੇ ਜਥੇਬੰਦ ਹਨ। ਉਨ੍ਹਾਂ ਨੇ ਕੁਝ ਖਾਸ ਖੇਤਰਾਂ 'ਚ ਪਾਬੰਦੀਆਂ ਲਾਈਆਂ ਸਨ, ਪਰ ਭਾਰਤੀ ਹਾਕਮਾਂ ਨੇ ਚੇਤਨ ਚੋਣ ਕੀਤੀ ਜਾਪਦੀ ਹੈ ਕਿ ਤਾਲਾਬੰਦੀ ਨਾਲ ਸਮਾਜ ਦੀ ਉਪਰਲੀ ਪਰਤ ਬਚਾਈਏ, ਹੇਠਲੇ ਤਾਂ ਪਹਿਲਾਂ ਹੀ ਰੁਲ ਕੇ ਮਰਦੇ ਆਏ ਹਨ। ਰੋਜ਼ ਦਿਹਾੜੀ ਕਰ ਕੇ ਗੁਜ਼ਾਰੇ ਤੋਰਨ ਵਾਲੇ ਦੋ ਡੰਗ ਰੋਟੀ ਲਈ ਆਤੁਰ ਹੋ ਰਹੇ ਹਨ ਤੇ ਘਰਾਂ ਨੂੰ ਪਰਤਦੇ ਮਜ਼ਦੂਰਾਂ ਦੀਆਂ ਮੌਤਾਂ ਦੀਆਂ ਖਬਰਾਂ ਆ ਚੁੱਕੀਆਂ ਹਨ। ਐਮਰਜੈਂਸੀ ਸਿਹਤ ਸੇਵਾਵਾਂ ਨਾ ਮਿਲਣ ਕਾਰਨ ਕਿੰਨੀਆਂ ਮੌਤਾਂ ਹੋਈਆਂ ਹੋਣਗੀਆਂ, ਉਹ ਖਬਰਾਂ ਅਜੇ ਆਉਣੀਆਂ ਹਨ। ਅਜਿਹੀ ਨਾਲਾਇਕੀ ਨਾਲ ਦੇਸ਼ ਅੰਦਰ ਵਾਇਰਸ ਪੁੱਜਣ ਦੇਣ ਤੇ ਮਗਰੋਂ ਅਚਾਨਕ ਕਰਫਿਊ ਮੜ੍ਹ ਦੇਣ ਵਾਲੀ ਹਕੂਮਤ ਕਟਹਿਰੇ 'ਚ ਨਹੀਂ ਖੜ੍ਹਾਈ ਜਾਣੀ ਚਾਹੀਦੀ? ਸਿਤਮ ਇਹ ਹੈ ਕਿ ਇਨ੍ਹਾਂ ਮੌਤਾਂ ਲਈ ਕਦੇ ਕੋਈ ਜਵਾਬਦੇਹੀ ਤੈਅ ਨਹੀਂ ਹੋਣੀ।

ਜਦੋਂ ਵਾਇਰਸ ਦਾ ਸਰੋਤ ਪਛਾਨਣਾ ਮੁਸ਼ਕਲ ਹੋ ਜਾਂਦਾ ਹੈ, ਉਦੋਂ ਵੱਡੇ ਪੱਧਰ 'ਤੇ ਟੈਸਟਿੰਗ ਦੀ ਜ਼ਰੂਰਤ ਪੈਂਦੀ ਹੈ। ਇਸ ਲਈ ਟੈਸਟ ਕਿੱਟਾਂ, ਲੈਬਾਰਟਰੀਆਂ ਤੇ ਭਾਰੀ ਗਿਣਤੀ ਸਿਹਤ ਸਟਾਫ ਦੀ ਲੋੜ ਹੈ, ਪਰ ਸਰਕਾਰ ਕੋਲ ਨਾ ਅਜਿਹਾ ਸਾਜੋ ਸਾਮਾਨ ਮੌਜੂਦ ਹੈ ਤੇ ਨਾ ਤੇਜ਼ੀ ਨਾਲ ਇਸ ਪਾਸੇ ਕਦਮ ਵਧਾਉਣ ਦੇ ਯਤਨ ਦਿੱਸਦੇ ਹਨ। ਇੱਕ ਵਾਰ ਫਿਰ ਸਿਹਤ ਖੇਤਰ 'ਚ ਵੀ ਕਾਇਮ ਹੋ ਚੁੱਕੀ ਕਾਰ-ਪੋਰੇਟ ਜਗਤ ਦੀ ਸਰਦਾਰੀ ਦੀ ਕੀਮਤ ਲੋਕ ਅਦਾ ਕਰਨਗੇ। ਜਦੋਂ ਬਿਮਾਰੀ ਦੇ ਤੇਜ਼ੀ ਨਾਲ ਪਸਾਰੇ ਦਾ ਖਤਰਾ ਸਿਰ 'ਤੇ ਆ ਖੜ੍ਹਾ ਹੋਇਆ ਹੈ ਤਾਂ ਦੇਸ਼ ਦੀ ਸਰਕਾਰੀ ਕੰਪਨੀ ਦੁਨੀਆ ਭਰ 'ਚੋਂ ਮਾਸਕ ਤੇ ਨਿੱਜੀ ਰੱਖਿਅਕ ਸੂਟਾਂ ਬਾਰੇ ਪੁੱਛਦੀ ਫਿਰ ਰਹੀ ਹੈ। ਲੀਕ ਹੋਈ ਇੱਕ ਸਰਕਾਰੀ ਚਿੱਠੀ ਅਨੁਸਾਰ 27 ਮਾਰਚ ਨੂੰ ਇਸ ਨੇ 730 ਕੰਪਨੀਆਂ ਕੋਲ ਪਹੁੰਚ ਕੀਤੀ ਹੈ, ਜਿਹੜੀਆਂ ਇਹ ਸਾਮਾਨ ਸਪਲਾਈ ਕਰਦੀਆਂ ਹਨ। ਇਨ੍ਹਾਂ ਵਿੱਚੋਂ 319 ਨੇ ਹਾਮੀ ਭਰੀ ਹੈ। ਇਸ ਕੰਪਨੀ ਨੇ ਤਿੰਨ ਕਰੋੜ ਅੱਸੀ ਲੱਖ ਮਾਸਕ ਤੇ ਸਿਰਫ ਸੱਤ ਰਾਜਾਂ ਲਈ 62 ਲੱਖ ਰੱਖਿਅਕ ਸੂਟਾਂ ਦੀ ਮੰਗ ਕੀਤੀ ਹੈ। ਇਸ ਖਬਰ ਅਨੁਸਾਰ ਕੰਪਨੀਆਂ ਕੋਲ 92 ਲੱਖ ਮਾਸਕ ਹੀ ਸਨ, ਜਦ ਕਿ ਸਰੀਰ ਕਵਰ ਕਰਨ ਵਾਲੇ ਸੂਟ ਅੱਠ ਲੱਖ ਸਨ। ਖਬਰ ਇਹ ਵੀ ਹੈ ਕਿ ਦੇਸ਼ ਤੋਂ ਮਾਸਕ ਤੇ ਵੈਂਟੀਲੇਟਰ ਬਾਹਰ ਭੇਜਣ ਤੋਂ ਰੋਕਣ ਦੀ ਮੰਗ ਉਠਣ ਦੇ ਬਾਵਜੂਦ 24 ਮਾਰਚ ਤੱਕ ਇਹ ਬੇਰੋਕ ਬਾਹਰ ਭੇਜੇ ਜਾਂਦੇ ਰਹੇ ਹਨ। ਤੇਜ਼ੀ ਨਾਲ ਫੈਲਦੀ ਇਸ ਬਿਮਾਰੀ 'ਚ ਵੈਂਟੀਲੇਟਰਾਂ ਰਾਹੀਂ ਮਰੀਜ਼ਾਂ ਦੀ ਜਾਨ ਬਚਾਉਣਾ ਕਾਫੀ ਮਹੱਤਵ ਪੂਰਨ ਬਣ ਜਾਂਦਾ ਹੈ, ਪਰ ਸਾਡੇ ਕੋਲ ਉਹ ਨਹੀਂ ਹਨ। ਜਿੰਨੇ ਕੁ ਹਨ ਉਨ੍ਹਾਂ ਨਾਲ ਤਾਂ ਪਹਿਲਾਂ ਰਸੂਖਵਾਨਾਂ ਦਾ ਹੀ ਸਰਨਾ ਹੈ। ਦੁਨੀਆ ਦੇ ਮੁਲਕਾਂ 'ਚੋਂ ਮੁਕਾਬਲਤਨ ਵਧੀਆ ਸਿਹਤ ਢਾਂਚੇ ਵਾਲੇ ਇਟਲੀ ਵਰਗੇ ਮੁਲਕ ਵੀ ਬਿਮਾਰੀ ਦੇ ਫੈਲਾਅ ਵੇਲੇ ਰੁਲਦੇ ਹੋਏ ਦਿੱਸੇ ਹਨ, ਜਦ ਕਿ ਇਟਲੀ ਵਿੱਚ 1000 ਵਿਅਕਤੀਆਂ ਪਿੱਛੇ 4.1 ਡਾਕਟਰ ਅਤੇ 3.4 ਹਸਪਤਾਲ ਬੈੱਡ ਹਨ ਤੇ ਅਮਰੀਕਾ 'ਚ 1000 ਪਿੱਛੇ 2.6 ਡਾਕਟਰ ਤੇ 24 ਹਸਪਤਾਲ ਬੈੱਡ ਹਨ। ਲਗਭਗ 70,000 ਦੀ ਗਿਣਤੀ ਵਾਲੇ ਹਸਪਤਾਲ ਬੈਡਾਂ ਤੇ ਮੁਲਕ 'ਚ ਸਿਰਫ 40,000 ਵੈਂਟੀਲੇਟਰਾਂ ਦੀ ਮੌਜੂਦਗੀ ਦੀ ਹਾਲਤ ਵਿੱਚ ਸਾਡੇ ਹਾਕਮਾਂ ਨੂੰ ਕਿਤੇ ਜ਼ਿਆਦਾ ਜੰਗੀ ਪੱਧਰ 'ਤੇ ਸਿਹਤ ਢਾਂਚੇ ਦੇ ਵਿਸਥਾਰ ਦੇ ਕਦਮ ਲੈਣ ਦੀ ਲੋੜ ਸੀ।

ਇੱਕ ਅੰਦਾਜ਼ੇ ਮੁਤਾਬਕ ਪੀੜਤ ਹੋਣ ਵਾਲੀ ਆਬਾਦੀ 'ਚੋਂ ਜੇ 5.7 ਫੀਸਦੀ ਨੂੰ ਵੀ ਐਮਰਜੈਂਸੀ ਵਾਲੇ ਹਾਲਾਤ ਬਣੇ ਤਾਂ ਅੱਠ ਲੱਖ ਬੈਡ ਚਾਹੀਦੇ ਹਨ। ਟੈਸਟਿੰਗ ਪੱਖੋਂ ਹਾਲਤ ਇਹ ਹੈ ਕਿ ਦੇਸ਼ ਵਿੱਚ 29 ਮਾਰਚ ਦੇ ਅੰਕੜਿਆਂ ਅਨੁਸਾਰ 10 ਲੱਖ ਪਿੱਛੇ ਸਿਰਫ 15 ਵਿਅਕਤੀ ਟੈਸਟ ਕੀਤੇ ਜਾ ਰਹੇ ਹਨ। ਸਭ ਤੋਂ ਵੱਡਾ ਤਰਾਸਦੀ ਹੈ ਕਿ ਮਰੀਜ਼ਾਂ ਦੀ ਸੰਭਾਲ ਵਿੱਚ ਜੁਟਿਆ ਮੈਡੀਕਲ ਅਮਲਾ ਬਿਨਾਂ ਲੋੜੀਂਦੇ ਸਾਮਾਨ ਤੋਂ ਡਿਊਟੀ ਨਿਭਾ ਰਿਹਾ ਹੈ। ਡਾਕਟਰਾਂ ਦੀ ਜਥੇਬੰਦੀ ਦੇ ਇੱਕ ਆਗੂ ਨੇ ਕਿਹਾ ਕਿ ਸਾਨੂੰ ਬਿਨਾਂ ਹਥਿਆਰਾਂ ਤੋਂ ਜੰਗ 'ਚ ਭੇਜ ਦਿੱਤਾ ਹੈ। ਕਈ ਥਾਈਂ ਡਾਕਟਰਾਂ ਵੱਲੋਂ ਮਾਸਕਾਂ ਦੀ ਥਾਂ ਹੈਲਮਟ ਅਤੇ ਰੇਨ ਕੋਟ ਪਾ ਕੇ ਕੰਮ ਕੀਤਾ ਜਾ ਰਿਹਾ ਹੈ। ਜਿਹੜੇ ਐਲਾਨ ਵਿੱਤ ਮੰਤਰੀ ਨੇ ਕੀਤੇ ਹਨ, ਉਹ ਸਿਰਫ ਲਾਕਡਾਊਨ ਕਾਰਨ ਗਰੀਬ ਲੋਕਾਂ ਨੂੰ ਆਰਥਿਕ ਰਾਹਤਾਂ ਦੇ ਕਦਮ ਹਨ ਤੇ ਉਹ ਵੀ ਬੇਹੱਦ ਨਿਗੂਣੇ ਹਨ। ਇਨ੍ਹਾਂ 'ਚੋਂ ਕਈ ਐਲਾਨਾਂ ਦੀ ਹਾਲਤ ਇਹ ਹੈ ਕਿ ਵਿੱਤ ਮੰਤਰੀ ਨੂੰ ਪ੍ਰੈੱਸ ਕਾਨਫਰੰਸ 'ਚ ਪੱਤਰਕਾਰਾਂ ਨੇ ਪੁੱਛਿਆ ਕਿ ਪ੍ਰਧਾਨ ਮੰਤਰੀ ਗਰੀਬ ਕਲਿਆਣ ਯੋਜਨਾ ਹੇਠ ਐਲਾਨੇ ਇੱਕ ਲੱਖ 70 ਹਜ਼ਾਰ ਕਰੋੜ ਰੁਪਏ ਆਉਣਗੇ ਕਿੱਥੋਂ? ਕੀ ਪਹਿਲੀਆਂ ਸਕੀਮਾਂ 'ਚੋਂ ਕੱਟੇ ਜਾਣਗੇ? ਵਿੱਤ ਮੰਤਰੀ ਕੋਲ ਕੋਈ ਜਵਾਬ ਨਹੀਂ ਸੀ। ਐਲਾਨਾਂ ਦਾ ਇੱਕ ਪਹਿਲੂ ਇਹ ਹੈ ਕਿ ਜੇ ਇਨ੍ਹਾਂ 'ਚ ਐਲਾਨੀਆਂ ਵੱਖ-ਵੱਖ ਸਕੀਮਾਂ ਦੀ ਰਕਮ ਜੋੜ ਕੇ ਇਹ ਰਕਮਾਂ ਸਰਕਾਰ ਵੱਲੋਂ ਐਲਾਨੇ ਇੱਕ ਲੱਖ ਸੱਤਰ ਹਜ਼ਾਰ ਕਰੋੜ ਦਾ ਅੱਧ ਨਹੀਂ ਬਣਦੀਆਂ।


ਇੱਕ ਹੋਰ ਅਹਿਮ ਖੇਤਰ ਉਨ੍ਹਾਂ ਦੇਸ਼ਾਂ ਦੇ ਤਜਰਬੇ ਨੂੰ ਘੋਖਣ ਦਾ ਹੈ ਜਿਨ੍ਹਾਂ ਨੇ ਇਸ ਦੇ ਪਸਾਰੇ ਉੱਤੇ ਤੇਜ਼ੀ ਨਾਲ ਕਾਬੂ ਪਾਇਆ ਹੈ। ਦੱਖਣੀ ਕੋਰੀਆ ਨੇ ਸ਼ੱਕੀ ਮਰੀਜ਼ਾਂ ਨੂੰ ਟੈਸਟ ਕਰਨ ਨੂੰ ਡਾਇਗਨੋਸਟਿਕ ਬਿਜਲਈ ਧਾਵਾ ਕਰਾਰ ਦਿੱਤਾ ਹੈ। ਉਥੇ ਚਾਰ ਫਰਵਰੀ ਨੂੰ ਪਹਿਲਾ ਟੈਸਟ ਹੋਇਆ ਸੀ ਤੇ 27 ਫਰਵਰੀ ਤੱਕ ਉਹ ਪ੍ਰਤੀ ਦਿਨ 20,000 ਟੈਸਟ ਕਰਨ ਦੇ ਸਮਰੱਥ ਹੋ ਗਏ ਸਨ। ਉਨ੍ਹਾਂ ਨੇ ਟੈਸਟ ਕਰਨ ਵਾਲੀਆਂ ਥਾਵਾਂ ਆਬਾਦੀ ਦੇ ਨੇੜੇ ਬਣਾਈਆਂ ਹਨ। ਉਨ੍ਹਾਂ ਬਹੁਤ ਤੇਜ਼ੀ ਨਾਲ ਸ਼ੱਕੀ ਵਿਅਕਤੀਆਂ ਤੇ ਟੈਸਟ ਕਰ ਲਏ ਅਤੇ ਉਨ੍ਹਾਂ ਨੂੰ ਅਜਿਹੇ ਸਖਤ ਲਾਕਡਾਊਨ ਦੀ ਲੋੜ ਨਹੀਂ ਪਈ। ਉਨ੍ਹਾਂ ਨੇ ਸਿਰਫ ਕੰਨ ਸਾਫ ਕਰਨ ਵਾਲੀ ਸਟਿਕ ਵਰਗੀ ਸਟਿਕ ਨਾਲ ਹੀ ਰਾਹ ਜਾਂਦੇ ਸ਼ੱਕੀ ਮਰੀਜ਼ਾਂ ਦੇ ਸੈਂਪਲ ਲਏ ਤੇ ਟੈਸਟ ਕੀਤੇ। ਉਥੇ ਕੋਵਿਡ-19 ਨਾਲ ਮਰਨ ਵਾਲਿਆਂ ਦੀ ਦਰ ਸਿਰਫ 0.7 ਫੀਸਦੀ ਹੈ, ਜਦ ਕਿ ਦੁਨੀਆ ਵਿੱਚ ਇਹ ਅੰਕੜਾ 3.4 ਦਾ ਹੈ। ਮੁਲਕ 'ਚ ਸਾਧਨਾਂ ਦੀ ਕਮੀ ਤਾਂ ਪੂਰੀ ਕੀਤੀ ਜਾ ਸਕਦੀ ਹੈ, ਪਰ ਅਜਿਹਾ ਸਭ ਕੁਝ ਕਰਨ ਲਈ ਸਾਧਨਾਂ ਨਾਲੋਂ ਇਰਾਦਾ ਤੇ ਕਿਰਦਾਰ ਜ਼ਿਆਦਾ ਮਹੱਤਵਪੂਰਨ ਹੁੰਦਾ ਹੈ।

# 1699 ਦੀ ਇਤਿਹਾਸਕ ਵਿਸਾਖੀ

-ਗੱਜਣਵਾਲਾ ਸੁਖਮਿੰਦਰ ਸਿੰਘ

ਅਲੌਕਿਕ ਕ੍ਰਾਂਤੀ ਦਾ ਇਸਤਕਬਾਲ ਕਰਨ ਲਈ ਦਸਵੇਂ ਗੁਰੂ ਗੋਬਿੰਦ 'ਸਿੰਘ' 1699 ਦੀ ਵਿਸਾਖੀ ਦੇ ਮੁਕ-ੱਦਸ ਦਿਵਸ ਦੀ ਉਡੀਕ ਵਿੱਚ ਸਨ। ਉਸ ਵੇਲੇ ਕੌਮ ਸ਼ਸਤਰਬੱਧ ਹੋ ਕੇ ਜੰਗ-ਏ-ਮੈਦਾਨ ਵਿੱਚ ਦ੍ਰਿੜਤਾ ਨਾਲ ਕੁੱਦਣ ਯੋਗ ਹੋ ਚੁੱਕੀ ਸੀ। ਦਸਵੇਂ ਪਾਤਸ਼ਾਹ ਦੀ ਭੰਗਾਣੀ ਦੀ ਫ਼ਤਹਿ ਨੇ ਕੌਮ ਦੀ ਆਤਮਿਕ ਅਵਸਥਾ ਨੂੰ ਉਚੇ ਗਿਆਨ ਦੇ ਮੁਰਾਤਬੇ 'ਤੇ ਲੈ ਆਂਦਾ ਸੀ। ਸਾਮਰਾਜੀ ਸਲਤਨਤ ਦੇ ਹਮਲਿਆਂ ਨੂੰ ਪਛਾੜ ਕੇ ਸੱਚ ਦੇ ਮਾਰਗ ਦੇ ਜੁਝਾਰੂ ਪਾਂਧੀਆਂ ਅੰਦਰ ਆਤਮਿਕ ਬਲ ਰੂਪੀ ਚੜ੍ਹਦੀ ਕਲਾ ਵਧੀਕ ਪ੍ਰਚੰਡ ਹੋ ਚੁੱਕੀ ਸੀ। ਓਦੋਂ ਕੌਮ 230 ਸਾਲ ਦਾ ਪੰਧ ਤਹਿ ਕਰ ਚੁੱਕੀ ਸੀ। ਗੁਰੂ ਸਾਹਿਬ 'ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ' ਦੇ ਆਦੇਸ਼ ਹਿਤ ਕੌਮ ਵਿੱਚ ਨਵੀਂ ਰੂਹ ਦੇ ਪ੍ਰਵੇਸ਼ ਲਈ ਨਵੇਂ ਅਧਿਆਇ ਦੀ ਸ਼ੁਰੂਆਤ ਕਰਨ ਦੇ ਰੌਂਅ ਵਿੱਚ ਸਨ।

ਵਿਸਾਖੀ ਦਿਵਸ ਦੇ ਮੁੰਤਜ਼ਿਰ ਕਲਗੀਆਂ ਵਾਲੇ ਦੀ ਅਪਣੱਤ ਬੇਮਿਸ-ਾਲ ਰਹੱਸਾਂ ਨਾਲ ਭਰਪੂਰ ਸੀ। ਗੁਰੂ ਸਾਹਿਬ ਦੇ ਅਪਣੱਤ ਦੀ ਛੋਹ ਸੂਰਮਿਆਂ ਵਿੱਚ ਲੱਖਾਂ ਵਾਰ ਹੱਸ ਕੇ ਮਰਨ ਦਾ ਚਾਅ ਪੈਦਾ ਕਰਦੀ ਸੀ। ਸੰਨ 1699 ਦੀ ਵਿਸਾਖੀ ਜ਼ੋਰਾਂ-ਸ਼ੋਰਾਂ ਨਾਲ ਆ ਰਹੀ ਸੀ। ਸ੍ਰੀ ਆਨੰਦਪੁਰ ਸਾਹਿਬ ਵਿੱਚ ਭਾਰੀ ਇਕੱਠ ਹੋਣਾ ਲਾਜ਼ਮ ਸੀ। ਮੁਅੱਰਿਖ ਲਿਖਦਾ ਹੈ ਕਿ ਗੁਰੂ ਕਲਗੀਆਂ ਵਾਲੇ ਨੇ ਆਪਣੇ ਪ੍ਰਯੋਜਨ ਹਿਤ ਕਈ ਮਹੀਨੇ ਪਹਿਲਾਂ ਹੀ ਦੂਰ ਦੁਰਾਡੇ ਸਿੱਖ ਸ਼ਰਧਾਲੂਆਂ ਵੱਲ ਕੇਸਧਾਰੀ ਸਰੂਪ ਵਾਲੇ ਹੋ ਕੇ ਆਉਣ ਦੇ ਸੰਦੇਸ਼ੇ ਭੇਜੇ ਸਨ ਤਾਂ ਜੋ ਨਿਆਰੇ ਸਰੂਪ ਵਿੱਚ ਇਤਿਹਾਸੀ ਮੰਜ਼ਰ ਸੁਸ਼ੋਭਿਤ ਹੋਵੇ। ਗੁਰੂ ਸਾਹਿਬ ਵੱਲੋਂ ਜਾਪੁ ਸਾਹਿਬ ਪੂਰਨ ਰੂਪ ਵਿੱਚ ਵੱਸ ਚੁੱਕਾ ਸੀ। ਧਰਮੀ ਅਕੀਦੇ ਤੋਂ ਹਿੱਲੀ ਮਸੰਦ ਪ੍ਰਥਾ ਫਰਜ਼ਾਂ, ਨੇਮਾਂ 'ਤੇ ਵਿਸਰ ਚੁੱਕੀ ਸੀ, ਜੋ ਸੱਚੇ ਸੰਕਲਪ ਨੂੰ ਤਿਆਗ ਕੇ ਆਪਣੇ ਨਿੱਜੀ ਸੁੱਖਾਂ ਵੱਲ ਹੋ ਤੁਰੀ ਸੀ। ਉਨ੍ਹਾਂ ਕੁਕਰਮੀ ਮਸੰਦਾਂ ਨੂੰ ਮਸੰਦੀ ਪਦਵੀ ਤੋਂ ਗੁਰੂ ਵੱਲੋਂ ਵੰਚਿਤ ਕਰ ਦਿੱਤਾ ਗਿਆ ਸੀ।



ਜਿਵੇਂ-ਜਿਵੇਂ 1699 ਦੀ ਵਿਸਾਖੀ ਨੇੜੇ ਆ ਰਹੀ ਸੀ, ਦੂਰੋਂ-ਦੂਰੋਂ ਚਾਰੇ ਪਾਸਿਓਂ ਸ੍ਰੀ ਆਨੰਦਪੁਰ ਦੀ ਧਰਤੀ ਵੱਲ ਵਿਸ਼ਾਲ ਕਾਫਲੇ ਚੱਲੇ ਆ ਰਹੇ ਸਨ। ਕਿਸੇ ਦੇ ਚਿੱਤ-ਚੇਤੇ ਨਹੀਂ ਸੀ ਕਿ ਇਸ ਵਾਰ ਦੀ ਨਵੇਕਲੀ ਛਾਪ ਛੱਡਣ ਵਾਲੀ 1699 ਦੀ ਵਿਸਾਖੀ 'ਤੇ ਗੁਰੂ ਸਹਿਬ ਨੇ ਅਜਬ ਰੂਪ ਵਿੱਚ ਸੰਗਤ ਦੇ ਸਨਮੁੱਖ ਹੋਣਾ ਹੈ। ਸੰਗਤ ਦੇ ਸਵਾਗਤ ਲਈ ਆਨੰਦਪੁਰ ਸਾਹਿਬ ਪੂਰੀ ਤਰ੍ਹਾਂ ਸਜ ਚੁੱਕਿਆ ਸੀ। ਗੁਰੂ ਸਾਹਿਬ ਗਹਿਰੇ ਰਹੱਸ ਵਿੱਚ ਗੜੂੰਦ ਹੋਏ, ਦੇਰ ਤੱਕ ਵਹਿਗੁਰੂ ਸਿਮਰਨ ਵਿੱਚ ਲੀਨ ਜਲਾਲ ਸੀ। ਜਾਣੋ ਕਿਸੇ ਵੱਡੀ ਉਡੀਕ ਵਿੱਚ ਆਨੰਦਪੁਰ ਦੀ ਖਾਮੋਸ਼ ਪੌਣ ਕਿਸੇ ਵੱਡੇ ਇਨਕਲਾਬ ਦੇ ਹੋਣ ਦਾ ਸੁਨੇਹਾ ਦੇਣ ਲਈ ਤਿਆਰ ਹੋ ਰਹੀ ਹੋਵੇ।

ਉਡੀਕ ਦੀਆਂ ਘੜੀਆਂ ਖ਼ਤਮ ਅਤੇ ਖ਼ਲਾਸਾ ਪੰਥ ਦੀ ਸਿਰਜਣ ਹੋਣ ਵਾਲੀ ਸੀ। ਮੌਤ ਦੇ ਉਹ ਕਹਿਰ ਦੂਰ ਨਹੀਂ ਸਨ, ਜਿਸ ਵਿੱਚ ਨਾਦੌਣ, ਨਿਰਮੋਹਗੜ੍ਹ, ਆਨੰਦਪੁਰ ਸਾਹਿਬ, ਚਮਕੌਰ ਸਾਹਿਬ, ਖਿਦਰਾਣੇ ਦੀ ਢਾਬ ਅਤੇ ਚੱਪੜਚਿੜੀ ਦੀਆਂ ਇਤਿਹਾਸਕ ਜੰਗਾਂ ਵਿੱਚ ਸ਼ਹੀਦਾਂ ਦੀ ਉਸ ਬੇਮਿਸਾਲ ਪ੍ਰਭਾਤ ਨੇ ਚਮਕਣਾ ਸੀ। ਓੜਕ 1699 ਦੀ ਵਿਸਾਖੀ ਦਾ ਦਿਹਾੜਾ ਆ ਗਿਆ, ਜਿਸ ਨੇ ਜਗਤ ਇਤਿਹਾਸ ਦਾ ਵੱਡਾ ਵਰਕਾ ਬਣਨਾ ਸੀ। ਭਾਰੀ ਇਕੱਠ ਹੋਇਆ। ਸਿੱਖ ਸ੍ਰੋਤਾਂ ਨੇ ਸੰਗਤ ਦਾ ਜਮਾਵੜਾ 80,000 ਅੰਕਿਆ ਸੀ। ਮੁਅੱਰਿਖ ਅਨੁਸਾਰ ਗੁਰੂ ਸਾਹਿਬ ਅੰਮ੍ਰਿਤ ਵੇਲੇ ਤੋਂ ਹੀ ਵਾਹਿਗੁਰੂ ਬੰਦਗੀ ਵਿੱਚ ਲੀਨ ਹੋ ਚੁੱਕੇ ਸਨ। ਦਰਬਾਰ ਸਜ ਚੁੱਕਿਆ ਸੀ, ਅਲੌਕਿਕ ਵਰਤਾਰੇ ਹਿਤ ਪ੍ਰਬੰਧ ਮੁਕੰਮਲ ਸਨ। ਸਾਹ ਰੋਕੀ ਬੈਠੀ ਸੰਗਤ ਨੂੰ ਗੁਰੂ ਸਹਿਬ ਦੇ ਮੁੱਖ ਨੂੰ ਤੱਕਣ ਦੀ ਤੀਬਰ ਉਡੀਕ ਸੀ।

ਫਿਰ ਗੁਰੂ ਸਾਹਿਬ ਵਸਤਰ-ਸ਼ਸਤਰ ਸਜਾ ਤੰਬੂ ਵਾਲੇ ਪਾਸਿਓਂ ਦੀਵਾਨ ਵਿੱਚ ਦਾਖ਼ਲ ਹੋਏ। ਪ੍ਰੇਮੀਆਂ ਨੇ ਤੱਕਣ ਸਾਰ ਖ਼ੁਸ਼ੀ ਅਤੇ ਚਾਅ ਵਿੱਚ ਜੈਕਾਰੇ ਛੱਡੇ। ਕਿਸੇ ਨੂੰ ਕੋਈ ਇਲਮ ਨਹੀਂ ਸੀ ਕਿ ਅੱਜ ਦੇ ਗੁਰੂ-ਪਰਵਚਨ ਕਿੰਨੇ ਅਦਭੁਤ ਹੋਣਗੇ। ਹਜ਼ੂਰ ਨੇ ਉਸ ਥੜੇ 'ਤੇ ਖੜ੍ਹੇ ਹੋ ਕੇ ਸੰਗਤ ਨੂੰ ਕਿਸੇ ਡੂੰਘੀ ਅਪਣੱਤ ਨਾਲ ਵੇਖਿਆ-ਮਿਆਨ 'ਚੋਂ ਤੇਗ਼ ਖਿੱਚੀ ਤੇ ਜਲਾਲ ਵਿੱਚ ਆ ਕੇ ਫਰਮਾਇਆ, ''ਮੈਨੂੰ ਇੱਕ ਸੀਸ ਚਾਹੀਦਾ, ਮੇਰੇ ਸੱਚੇ ਸਿੱਖਾਂ 'ਚੋਂ ਕੋਈ ਅੱਗੇ ਆਵੇ।''

ਸਨਮੁਖ ਪਰਾ ਸਿਖ ਹੈ ਕੋਈ।
ਸੀਸ ਭੇਟ ਕਰ ਦੇਵੇ ਸੋਈ।
(ਗੁਰ ਬਿਲਾਸ ਪਾਤਸ਼ਾਹੀ 10ਵੀਂ)

ਬੁਲੰਦ-ਬਚਨ ਸੁਣ ਦੂਰ-ਦੂਰ ਤੱਕ ਵਿਸ਼ਾਲ ਚੁੱਪ ਵਰਤ ਗਈ ਅਤੇ ਸੰਨਾਟਾ ਛਾ ਗਿਆ। ਕੋਈ ਨਾ ਉਠਿਆ। ਗੁਰੂ ਸਾਹਿਬ ਨੇ ਦੂਜੀ ਵਾਰ ਫਿਰ ਫਰਮਾਇਆ, ''ਮੈਨੂੰ ਇੱਕ ਸੀਸ ਚਾਹੀਦਾ, ਮੇਰੇ ਸੱਚੇ ਸਿੱਖਾਂ 'ਚੋਂ ਕੋਈ ਅੱਗੇ ਆਵੇ।'' ਫਿਰ ਵੀ ਕੋਈ ਨਾ ਉਠਿਆ ਤਾਂ ਤੀਜੀ ਵਾਰ ਪੁਕਾਰਨ 'ਤੇ ਪਾਤਸ਼ਾਹ ਦੇ ਹੁਕਮ ਦਾ ਤੇਜ ਝੱਲਣ ਲਈ ਲਾਹੌਰ ਦਾ ਦਇਆ ਰਾਮ ਉਠ ਖਲੋਤਾ। ਲੋਕਾਂ ਦੀਆਂ ਉਸ ਵੱਲ ਨਿਗਾਹਾਂ ਘੁੰਮ ਗਈਆਂ। ਗੁਰੂ ਸਾਹਿਬ ਨੇ ਕੋਲ ਬੁਲਾਇਆ ਤੇ ਉਸ ਨੂੰ ਪਿੱਛੇ ਤੰਬੂ ਵਿੱਚ ਲੈ ਗਏ। ਗੁਰੂ ਸਾਹਿਬ ਨੇ ਫਿਰ ਖੂਨ ਭਿੱਜੀ ਕਿਰਪਾਨ ਲਹਿਰਾਈ। ਪਹਿਲਾਂ ਵਾਂਗ ਫਿਰ ਫਰਮਾਇਆ, ''ਮੈਨੂੰ ਇੱਕ ਹੋਰ ਸੀਸ ਚਾਹੀਦਾ, ਮੇਰੇ ਸੱਚੇ ਸਿੱਖਾਂ 'ਚੋਂ ਕੋਈ ਅੱਗੇ ਆਵੇ।'' ਪਹਿਲਾਂ ਵਾਂਗ ਦੂਜੀ-ਤੀਜੀ ਵਾਰ ਪੁਕ-ਾਰਿਆ ਗਿਆ। ਦੂਜੀ ਵਾਰ ਹਸਤਨਾ-ਪੁਰ (ਦਿੱਲੀ) ਦਾ ਰਹਿਣ ਵਾਲਾ ਧਰਮ ਦਾਸ ਉਠਿਆ। ਗੁਰੂ ਸਾਹਿਬ ਉਸ ਨੂੰ ਵੀ ਪਿੱਛੇ ਤੰਬੂ ਵਿੱਚ ਲੈ ਗਏ ਅਤੇ ਫਿਰ ਆ ਕੇ ਤੀਜੇ ਸੀਸ ਦੀ ਮੰਗ ਕੀਤੀ। ਤੀਜੀ ਵਾਰ ਜਗਨਨਾਥ ਪੁਰੀ ਦਾ ਹਿੰਮਤ ਰਾਇ ਉਠਿਆ। ਇਸ ਤਰ੍ਹਾਂ ਗੁਰੂ ਸਾਹਿਬ ਨੇ ਪੰਜ ਸੀਸ ਮੰਗੇ ਤਾਂ ਚੌਥੀ ਵਾਰ ਦਵਾਰਕਾ (ਗੁਜਰਾਤ) ਦਾ ਮੁਹਕਮ ਚੰਦ ਤੇ ਪੰਜਵੀਂ ਵਾਰ ਬਿਦਰ ਦਾ ਸਾਹਿਬ ਚੰਦ ਸੀਸ ਭੇਟ ਕਰਨ ਲਈ ਆਇਆ। ਇਹ ਕੌਤਕ ਰਚਣ ਪਿੱਛੋਂ ਗੁਰੂ ਸਾਹਿਬ, ਪੰਜਾਂ ਦੇ ਨਵੇਂ ਪੌਸ਼ਾਕੇ ਪਹਿਨਾਂ ਕੇ ਉਨ੍ਹਾਂ ਨੂੰ ਤੰਬੂ ਤੋਂ ਬਾਹਰ ਲੈ ਆਏ। ਉਨ੍ਹਾਂ ਨੂੰ ਸੰਗਤ ਦੇ ਸਨਮੁੱਖ ਕੀਤਾ ਤਾਂ ਪੰਜਾਂ ਨੂੰ ਵੇਖ ਕੇ ਸਮੁੱਚੀ ਸੰਗਤ ਉਨ੍ਹਾਂ ਵਰਗੀ ਹੋ ਗਈ। ਜਾਣੋ ਸਿੱਖ ਪੰਥ ਉਨ੍ਹਾਂ ਪੰਜਾਂ ਵਿੱਚ ਅਭੇਦ ਹੋ ਗਿਆ।

ਓਦੋਂ ਗੁਰੂ ਸਾਹਿਬ ਨੇ ਫਰਮਾਇਆ, ''ਖਾਲਸਾ ਜੀ! ਇਹ ਪੰਜ ਮੇਰੇ ਪਿਆਰੇ ਹਨ- ਤੁਸੀਂ ਸਾਰੇ ਹੀ ਮੇਰੇ ਹੋ, ਮੇਰਾ ਸਭ ਕੁਝ ਤੁਹਾਡਾ ਹੈ।'' ਗੁਰੂ ਸਾਹਿਬ ਦਾ ਇਹ ਬਚਨ ਸੁਣਿਆ ਤਾਂ ਸਿੱਖ ਕੌਮ ਨੇ ਦਸਾਂ ਪਾਤਸ਼ਾਹੀਆਂ ਦੇ ਆਖ਼ਰੀ ਰੂਪ ਕਲਗੀਆਂ ਵਾਲੇ ਪਾਤਸ਼ਾਹ ਅੱਗੇ ਸਿਜਦਾ ਕੀਤਾ, ਸਿਰ ਝੁਕਾ ਦਿੱਤਾ-ਗੁਰੂ ਦਾ ਆਦੇਸ਼ ਅੰਗੀਕਾਰ ਕਰ ਲਿਆ। ਫਿਰ ਗੁਰੂ ਸਾਹਿਬ ਨੇ ਫਰਮਾਇਆ, ''ਖ਼ਾਲਸਾ ਜੀ ਆਪ ਲਈ ਮੈਂ ਅੰਮ੍ਰਿਤ ਤਿਆਰ ਕਰਾਂਗਾ।'' ਗੁਰੂ ਬਿਲਾਸ ਪਾਤਸ਼ਾਹੀ 10ਵੀਂ ਦੇ ਰਚੇਤਾ ਭਾਈ ਕੁਇਰ ਸਿੰਘ ਲਿਖਦੇ ਹਨ, ''ਉਪਰੋਕਤ ਕੌਤਕ ਤੋਂ ਬਾਅਦ ਜਦ ਪੰਜੇ ਸਿੱਖ ਤੰਬੂ 'ਚੋਂ ਬਾਹਰ ਆ ਗਏ ਸਨ, ਤਦ ਸਤਲੁਜ ਦਰਿਆ ਤੋਂ ਭਾਈ ਚਾਉਪਤ ਰਾਇ ਰਾਹੀਂ ਪਵਿੱਤਰ ਜਲ ਮੰਗਵਾ ਕੇ ਸਰਬ ਲੋਹ ਦੇ ਬਾਟੇ ਵਿੱਚ ਪਾਇਆ ਗਿਆ। ਉਸ ਵੇਲੇ ਅੰਮ੍ਰਿਤ ਵਿਧੀ ਵਿੱਚ ਜਪੁ ਸਾਹਿਬ, ਜਪੁ ਸਾਹਿਬ, ਸਵੈਯੇ, ਚੌਪਈ ਸਾਹਿਬ ਅਤੇ ਆਨੰਦੁ ਸਾਹਿਬ ਦਾ ਪਾਠ ਕੀਤਾ ਤੇ ਖਾਸ ਮਰਿਯਾਦਾ ਅਨੁਸਾਰ ਪੰਜਾਂ ਨੂੰ (ਖੰਡੇ ਦੀ ਪਾਹੁਲ) ਅੰਮ੍ਰਿਤ-ਪਾਨ ਕਰਵਾਇਆ ਗਿਆ।

ਕਮਲ ਪਾਨ ਅੰਮ੍ਰਿਤ ਕੋ ਲੀਨੋ।
ਦੇ ਕਰਿ ਤਿਨਹਿ ਪਿਆਵਨਿ ਕੀਨੋ।
ਲੋਚਨ ਮਹਿੰ ਛਿਰਕੇ ਫੁਨ ਮਾਰੇ।
ਕੇਸ ਜੂੜ ਮੈਂ ਅੰਜੁਲ ਡਾਰੇ।
(ਗੁਰੂ ਪ੍ਰਕਾਸ਼ ਸੂਰਜ ਗ੍ਰੰਥ)

ਪੰਜਾਂ ਸਿੰਘਾਂ ਨੂੰ ਗੁਰੂ ਸਾਹਿਬ ਨੇ ਅੰਮ੍ਰਿਤ ਦੀ ਦਾਤ ਬਖਸ਼ ਕੇ ਸਭ ਨੂੰ 'ਸਿੰਘ' ਦਾ ਲਕਬ ਦਿੱਤਾ ਤੇ ਉਨ੍ਹਾਂ ਨੂੰ ਪੰਜ ਪਿਆਰਿਆਂ ਦੀ ਪਦਵੀ ਦਿੱਤੀ। ਸਭ ਨੂੰ ਰਹਿਤ ਮਰਯਾਦਾ ਤੇ ਉਪਦੇਸ਼ ਦ੍ਰਿੜ ਕਰਵਾਉਣ ਪਿੱਛੋਂ ਗੁਰੂ ਸਾਹਿਬ ਸਿੰਘਾਸਨ ਤੋਂ ਹੇਠ ਉੱਤਰ ਆਏ ਤੇ ਦੋਵੇਂ ਹੱਥ ਜੋੜ ਕੇ 'ਪੰਜਾਂ ਪਿਆਰਿਆਂ' ਅੱਗੇ ਨਿਮਰ ਹੋ ਬੇਨਤੀ ਕੀਤੀ, 'ਅੰਮ੍ਰਿਤ ਦੀ ਦਾਤ ਮੈਨੂੰ ਵੀ ਬਖਸ਼ੋ। ਉਚੇ-ਨੀਵੇਂ, ਗੁਰੂ-ਚੇਲੇ, ਜਾਤ-ਪਾਤ ਦਾ ਫਰਕ ਨਹੀਂ ਰਿਹਾ। ਮੈਨੂੰ ਵੀ ਖਾਲਸਾ ਸਜਾਓ।''

ਉਤਰ ਸਿੰਘਾਸਨ ਜੁਗ ਕਰ ਜੋਰੀ।
ਅੰਮ੍ਰਿਤ ਲੇਤ ਆਪ ਸੁਖ ਗੋਰੀ।56॥

ਸ੍ਰੀ ਗੁਰਸੋਭਾ ਦਾ ਕਰਤਾ ਸੈਨਾਪਤੀ ਲਿਖਦਾ ਹੈ ਕਿ ਖਾਲਸਾ ਸਾਜਣ ਨਾਲ, ਸਤਿਸੰਗਤ ਦਾ 'ਖਾਲਸਾ' ਬਣਾ ਕੇ ਗੁਰੂ ਨਾਲ ਸਿੱਧਾ ਸੰਪਰਕ ਹੋ ਗਿਆ। ਖਾਲਸਾ ਜਾਣੀ ਸਿੱਖ ਸਿੱਧਾ ਵਾਹਿਗੁਰੂ ਦਾ ਹੋ ਗਿਆ। ਮੁਅੱਰਿਖ ਲਿਖਦਾ ਹੈ ਕਿ ਖਾਲਸਾ ਸਾਜਨਾ ਦਾ ਮਹਾਨ ਕੰਮ ਗੁਰੂ ਨਾਨਕ ਦੇਵ ਦਾ ਸੰਕਲਪ ਸੀ, ਜਿਨ੍ਹਾਂ ਨੇ ਸੁਧਾਰ ਦੀਆਂ ਵੱਡੀਆਂ ਬੁਨਿਆਦਾਂ ਰੱਖੀਆਂ ਤੇ ਗੁਰੂ ਗੋਬਿੰਦ ਸਿੰਘ ਨੇ ਨਵੀਂ ਕੌਮੀਅਤ ਦਾ ਰੂਪ ਦੇ ਕੇ ਉਨ੍ਹਾਂ ਨੂੰ ਅਮਲੀ ਤੌਰ 'ਤੇ ਸ਼ਕਲ ਦੇ ਦਿੱਤੀ। ਗੁਰੂ ਸਾਹਿਬ ਨੇ ਇੱਕ ਸ਼ਕਤੀਸ਼ਾਲੀ ਜਥੇਬੰਦੀ ਬਣਾਉਣ ਦੀ ਲੋੜ ਜਾਣ ਕੇ ਖਾਲਸੇ ਵਿੱਚ ਧਰਮ ਨਿਭਾਉਣ ਦੇ ਨਾਲ ਸ਼ਹਾਦਤ ਦਾ ਜਜ਼ਬਾ ਭਰ ਦਿੱਤਾ। ਕਲਗੀਆਂ ਵਾਲੇ ਦੇ ਇਸ ਅਮਲ ਦੁਆਰਾ ਸਾਰੇ ਕਰਮ ਕਾਂਡੀ ਪ੍ਰਤੀਕ ਤੇ ਸਾਰੇ ਪੁਰਾਤਨ ਨਿਸ਼ਾਨ/ ਪਖੰਡ ਗਾਇਬ ਹੋ ਗਏ। ਇਹ ਅਵਸਥਾ ਪਾਉਣ ਪਿੱਛੋਂ ਖਾਲਸਾ ਸਿੱਧਾ ਅਕਾਲ ਪੁਰਖ ਦੀ ਬਖਸ਼ਿ ਦਾ ਹਿੱਸਾ ਬਣ ਗਿਆ।



# ਪੰਜਾਬ ਦੇ ਗੁਦਾਮ ਮੁਫ਼ਤ ਅੰਨ ਯੋਜਨਾ ਨਾਲ ਖ਼ਾਲੀ ਹੋਣ ਲੱਗੇ

ਜਲੰਧਰ, 13 ਅਪ੍ਰੈਲ (ਪੋਸਟ ਬਿਊਰੋ)- ਕੋਰੋਨਾ ਦੀ ਮਾਰ ਕਾਰਨ ਲਾਏ ਗਏ ਕਰਫਿਊ ਦੌਰਾਨ ਗਰੀਬ ਲੋਕਾਂ ਲਈ ਤਿੰਨ ਮਹੀਨੇ ਮੁਫ਼ਤ ਅਨਾਜ ਦੇਣ ਦੀ ਸਰਕਾਰ ਦੀ ਯੋਜਨਾ ਦੇ ਸ਼ੈਲਰ ਮਾਲਕਾਂ ਲਈ ਰਾਹਤ ਵਾਲੀ ਹੈ। ਪ੍ਰਧਾਨ ਮੰਤਰੀ ਗ਼ਰੀਬ ਕਲਿਆਣ ਅੰਨ ਯੋਜਨਾ ਦੇ ਸ਼ੁਰੂ ਹੋਣ ਨਾਲ ਪੰਜਾਬ ਦੇ ਗੁਦਾਮਾਂ ਤੋਂ ਅਨਾਜ ਲੈ ਕੇ ਰੋਜ਼ 30 ਤੋਂ 35 ਵਿਸ਼ੇਸ਼ ਗੱਡੀਆਂ ਦੂਜੇ ਰਾਜਾਂ ਵੱਲ ਨੂੰ ਜਾ ਰਹੀਆਂ ਹਨ। ਇਹ ਕਣਕ ਜਲਦੀ ਗ਼ਰੀਬਾਂ ਨੂੰ ਵੰਡਣ ਦਾ ਕੰਮ ਸ਼ੁਰੂ ਹੋਣਾ ਹੈ।



ਵਰਨਣ ਯੋਗ ਹੈ ਕਿ ਕੋਰੋਨਾ ਦੀ ਮਾਰ ਕਾਰਨ ਕੇਂਦਰ ਸਰਕਾਰ ਨੇ ਗ਼ਰੀਬਾਂ ਲਈ ਅਪ੍ਰੈਲ ਤੋਂ ਜੂਨ ਮਹੀਨੇ ਤੱਕ ਪ੍ਰਤੀ ਵਿਅਕਤੀ 15 ਕਿੱਲੋ ਅਨਾਜ ਤੇ ਤਿੰਨ ਕਿੱਲੋ ਦਾਲ ਮੁਫ਼ਤ ਦੇਣੀ ਹੈ। ਇਸ ਯੋਜਨਾ ਦਾ ਐਲਾਨ ਹੋਣ ਕਾਰਨ ਅਨਾਜ ਨਾਲ ਨੱਕੋ-ਨੱਕ ਭਰੇ ਗੁਦਾਮਾਂ ਦੇ ਖ਼ਾਲੀ ਹੋਣ ਦੀ ਸੰਭਾਵਨਾ ਹੈ। ਚੌਲ ਨਾ ਲੈਣ ਕਰਕੇ ਰਾਜ ਦੇ ਸ਼ੈਲਰ ਇੱਕ ਮਹੀਨੇ ਤੋਂ ਬੰਦ ਪਏ ਸਨ। ਪਤਾ ਲੱਗਾ ਹੈ ਕਿ ਦੂਜੇ ਰਾਜਾਂ 'ਚ ਜਿਹੜੀਆਂ ਰੋਜ਼ 30 ਤੋਂ 35 ਗੱਡੀਆਂ ਜਾਂਦਆਂ ਹਨ, ਉਸ ਦਾ ਅਸਰ ਹੈ ਕਿ ਇਨ੍ਹਾਂ ਗੁਦਾਮਾਂ 'ਚ ਚੌਲ ਲਾਉਣ ਦਾ ਕੰਮ 13 ਅਪ੍ਰੈਲ ਤੋਂ ਸ਼ੁਰੂ ਹੋਣ ਵਾਲਾ ਹੈ। ਕੇਂਦਰ ਸਰਕਾਰ ਵੱਲੋਂ ਗ਼ਰੀਬਾਂ ਨੂੰ ਮੁਫ਼ਤ ਅਨਾਜ ਦੇਣ ਲਈ ਉਸ ਵਿੱਚੋਂ ਪੰਜਾਬ ਤੋਂ 60 ਫ਼ੀਸਦੀ ਅਨਾਜ ਭੇਜਿਆ ਜਾ ਰਿਹਾ ਹੈ।

ਪੰਜਾਬ ਰਾਈਸ ਸ਼ੈਲਰ ਵੈਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਰਾਕੇਸ਼ ਜੈਨ ਨੇ ਦੱਸਿਆ ਕਿ ਵਿਸ਼ੇਸ਼ ਗੱਡੀਆਂ ਲੈ ਜਾਣ ਲਈ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਖ਼ੁਰਾਕ ਤੇ ਲਿਵਲ ਸਪਲਾਈ ਵਿਭਾਗ ਦੇ ਮੰਤਰੀ ਭਾਰਤ ਭੂਸ਼ਨ ਆਸ਼ੂ ਨੇ ਕੇਂਦਰ ਕੋਲ ਮਸਲਾ ਉਠਾਇਆ ਸੀ ਜਿਸ ਕਰਕੇ ਗੁਦਾਮ ਖ਼ਾਲੀ ਹੋਣ ਦਾ ਕੰਮ ਸ਼ੁਰੂ ਹੋਇਆ ਹੈ। ਵਿਸ਼ੇਸ਼ ਗੱਡੀਆਂ ਜਾਣ ਕਰ ਕੇ ਕਾਫ਼ੀ ਗੁਦਾਮ ਖ਼ਾਲੀ ਹੋਏ ਹਨ। ਜੈਨ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਖ਼ੁਰਾਕ ਅਤੇ ਸਿਵਲ ਸਪਲਾਈ ਵਿਭਾਗ ਦੇ ਮੰਤਰੀ ਭਾਰਤ ਭੂਸ਼ਨ ਆਸ਼ੂ ਨਾਲ ਮੀਟਿੰਗ ਹੋਈ ਸੀ, ਜਿਸ ਵਿੱਚ ਉਨ੍ਹਾਂ ਕਿਹਾ ਕਿ ਸ਼ੈਲਰ ਮਾਲਕਾਂ ਤੋਂ ਏਜੰਸੀ 13 ਅਪ੍ਰੈਲ ਤੋਂ ਚੌਲ ਲੈਣ ਦਾ ਕੰਮ ਆਰੰਭ ਕਰੇਗੀ।

## ਪੰਜਾਬ ਵਿੱਚ ਕੋਰੋਨਾ ਕਾਰਨ 17 ਹਾਟ ਸਪਾਟ ਐਲਾਨੇ ਗਏ



ਫਰੀਦਕੋਟ, 13 ਅਪ੍ਰੈਲ (ਪੋਸਟ ਬਿਊਰੋ)- ਪੰਜਾਬ ਸਰਕਾਰ ਦੇ ਰੋਜ਼ਾਨਾ ਦੇ ਹੈਲਥ ਬੁਲਟਿਨ ਵਿੱਚ ਕੱਲ੍ਹ ਕੋਰੋਨਾ ਵਾਇਰਸ ਦੇ ਕੇਸਾਂ ਬਾਰੇ ਜਾਣਕਾਰੀ ਦੇਣ ਦੇ ਨਾਲ ਦੱਸਿਆ ਗਿਆ ਕਿ ਰਾਜ ਵਿੱਚ ਕੋਰੋਨਾ ਵਾਇਰਸ ਦੇ 17 ਹਾਟ ਸਪਾਟ ਬਣ ਗਏ ਹਨ। ਇਨ੍ਹਾਂ ਵਿੱਚ ਉਨ੍ਹਾਂ ਇਲਾਕਿਆਂ ਨੂੰ ਸ਼ਾਮਲ ਕੀਤਾ ਹੈ, ਜਿਨ੍ਹਾਂ ਵਿੱਚ ਦੋ ਜਾਂ ਇਸ ਤੋਂ ਵੱਧ ਕੋਰੋਨਾ ਕੇਸ ਪਾਜ਼ੀਟਿਵ ਹਨ। ਇਨ੍ਹਾਂ ਖੇਤਰਾਂ ਵਿੱਚ ਵਿਭਾਗ ਵੱਲੋਂ ਆਰ ਟੀ ਪੀ ਸੀ ਆਰ ਅਤੇ ਪਿੰਡ ਟੈਸਟਿੰਗ ਕਿੱਟ ਨਾਲ ਹੋਰ ਟੈਸਟਿੰਗ ਕੀਤੀ ਜਾਵੇਗੀ। ਹੈਰਾਨੀ ਦੀ ਗੱਲ ਹੈ ਕਿ ਇਸ ਸੂਚੀ 'ਚੋਂ ਫ਼ਰੀਦਕੋਟ ਸ਼ਹਿਰ ਦੀ ਮਿਸਤਰੀਆਂ ਵਾਲੀ ਗਲੀ ਗਾਇਬ ਹੈ। ਇਸ ਇਲਾਕੇ ਵਿੱਚ ਕੱਲ੍ਹ ਹੀ ਦੂਸਰਾ ਕੋਰੋਨਾ ਵਾਇਰਸ ਮਾਮਲਾ ਪਾਜ਼ੀਟਿਵ ਆਇਆ ਹੈ।

ਹਾਟ ਸਪਾਟ ਬਾਰੇ ਪੰਜਾਬ ਸਰਕਾਰ ਦੀ ਸੂਚੀ ਵਿੱਚ ਅੰਮ੍ਰਿਤਸਰ ਦੇ ਦੋ ਇਲਾਕੇ ਡਾਇਮੰਡ ਕਾਲੋਨੀ (4 ਕੇਸ), ਉਧਰ ਸਿੰਘ ਨਗਰ (3 ਕੇਸ), ਜ਼ਿਲ੍ਹਾ ਜਲੰਧਰ ਦਾ ਪਿੰਡ ਵਿਰਕਾਂ (4 ਕੇਸ) ਅਤੇ ਨਿਜਾਮਤ ਨਗਰ (3 ਕੇਸ), ਜ਼ਿਲ੍ਹਾ ਲੁਧਿਆਣਾ ਦਾ ਅਮਰਪੁਰਾ (3 ਕੇਸ), ਜ਼ਿਲ੍ਹਾ ਮਾਨਸਾ ਦਾ ਬੁੱਢਲਾਡਾ (3 ਕੇਸ), ਜ਼ਿਲ੍ਹਾ ਪਠਾਨਕੋਟ ਵਿੱਚ ਸੁਜਾਨਪੁਰ (15 ਕੇਸ), ਜ਼ਿਲ੍ਹਾ ਰੋਪੜ ਦਾ ਚਟਵਾਲੀ (3 ਕੇਸ), ਜ਼ਿਲ੍ਹਾ ਮੋਹਾਲੀ ਦਾ ਪਿੰਡ ਜਵਾਹਰਪੁਰ (34 ਕੇਸ), ਫੇਜ਼-3ਏ (2 ਕੇਸ), ਫਜ਼-5 (2 ਕੇਸ), ਫੇਜ਼-9 (2 ਕੇਸ), ਸੈਕਟਰ 69ਏ (2 ਕੇਸ), ਸੈਕਟਰ 91 (2 ਕੇਸ), ਜ਼ਿਲ੍ਹਾ ਨਵਾਂ ਸ਼ਹਿਰ ਵਿੱਚ ਪਿੰਡ ਪਠਲਾਵਾ (12 ਕੇਸ), ਪਿੰਡ ਸੁਜੋਂ (6 ਕੇਸ) ਸ਼ਾਮਲ ਹਨ। ਵਰਨਣ ਯੋਗ ਹੈ ਕਿ ਪੰਜਾਬ ਦੇ ਕੁੱਲ 171 ਕੇਸਾਂ ਵਿੱਚ 108 ਕੇਸ ਇਨ੍ਹਾਂ ਇਲਾਕਿਆਂ ਤੋਂ ਹਨ।

## ਰਿਜ਼ਰਵ ਬੈਂਕ ਦੇ ਕਹੇ ਉੱਤੇ ਬੈਂਕਾਂ ਨੇ ਕਰਜ਼ਾ ਕਿਸ਼ਤਾਂ ਟਾਲੀਆਂ, ਪਰ ਵਿਆਜ ਵੀ ਠੋਕਿਆ

ਚੰਡੀਗੜ੍ਹ, 13 ਅਪ੍ਰੈਲ (ਪੋਸਟ ਬਿਊਰੋ)- ਸੁਪਰੀਮ ਕੋਰਟ ਵਿੱਚ ਇੱਕ ਜਨਹਿਤ ਪਟੀਸ਼ਨ ਦਾਇਰ ਕੀਤੀ ਗਈ ਹੈ, ਜਿਸ ਵਿੱਚ ਭਾਰਤੀ ਰਿਜ਼ਰਵ ਬੈਂਕ (ਆਰ ਬੀ ਆਈ) ਦੇ ਉਸ ਸਰਕੂਲਰ ਦੀ ਅਣਦੇਖੀ ਕਰਨ 'ਤੇ ਫੌਰੀ ਦਖਲ ਦੀ ਮੰਗ ਕੀਤੀ ਗਈ ਹੈ, ਜਿਸ ਵਿੱਚ ਕੇਂਦਰੀ ਬੈਂਕ ਨੇ ਲਾਕਡਾਊਨ ਦੇ ਕਾਰਨ ਟਰਮ ਕਰਜ਼ਿਆਂ 'ਤੇ ਮੁਹਲਤ ਦਿੰਦੇ ਹੋਏ ਵਿਆਜ 'ਤੇ ਛੋਟ ਦੇਣ ਦੀ ਗੱਲ ਕਹੀ ਸੀ, ਪਰ ਬੈਂਕਾਂ ਹੋਰ ਅਰਥ ਕੱਢ ਰਹੀਆਂ ਹਨ।

ਐਕਟਿਵਿਸਟ ਅਤੇ ਐਡਵੋਕੇਟ ਅਮਿਤ ਸਾਹਨੀ ਵੱਲੋਂ ਦਾਇਰ ਇਸ ਪਟੀਸ਼ਨ ਵਿੱਚ ਅਦਾਲਤ ਤੋਂ ਇਸ ਬਾਰੇ ਯੋਗ ਦਿਸ਼ਾ ਨਿਰਦੇਸ਼ ਜਾਰੀ ਕਰਨ ਦੀ ਮੰਗ ਕੀਤੀ ਗਈ ਹੈ ਤਾਂ ਕਿ ਬੈਂਕ ਤੇ ਵਿੱਤੀ ਸੰਸਥਾਨ ਆਪਣੇ ਗਾਹਕਾਂ ਕੋਲੋਂ ਘੱਟੋ-ਘੱਟ ਵਡੇਰੇ ਜਨਤਕ ਹਿੱਤਾਂ ਵਜੋਂ ਮਾਰੀਟੋਰੀਅਮ (ਕਿਸ਼ਤਾਂ ਅੱਗੇ ਪਾਈਆਂ ਗਈਆਂ ਹੋਣ) ਦੀ ਮਿਆਦ ਦੌਰਾਨ ਵਿਆਜ ਨਾ ਲੈਣ। ਪਟੀਸ਼ਨਰ ਨੇ ਕਿਹਾ ਕਿ ਉਹ ਇਹ ਸਪੱਸ਼ਟ ਕਰਦਾ ਹੈ ਕਿ ਉਸ ਨੇ ਈ ਐਮ ਆਈ ਉਤੇ ਵਿਆਜ ਦੀ ਮੁਆਫੀ ਦੀ ਮੰਗ ਕੀਤੀ ਹੈ। ਪਟੀਸ਼ਨਰ ਇਹ ਅਪੀਲ ਨਹੀਂ ਕਰਦਾ ਕਿ ਈ ਐੱਮ ਆਈ ਨੂੰ ਨਿਸ਼ਚਿਤ ਮਿਆਦ ਲਈ ਮੁਆਫ ਕੀਤਾ ਜਾਣਾ ਚਾਹੀਦਾ ਹੈ, ਪਰ ਇਹ ਅਪੀਲ ਕੀਤੀ ਹੈ ਕਿ ਮਾਰੀਟੋਰੀਅਮ ਦੀ ਮਿਆਦ ਦੌਰਾਨ ਕੋਈ ਵਿਆਜ ਨਾ ਲਿਆ ਜਾਵੇ। ਪਟੀਸ਼ਨਰ ਨੇ ਕਿਹਾ ਹੈ ਕਿ ਮਾਰੀਟੋਰੀਅਮ ਮਿਆਦ ਲਈ ਸਰਕਾਰ ਨੇ 27 ਮਾਰਚ ਦੇ ਆਪਣੇ ਆਰ ਬੀ ਆਈ ਸਰਕੁਲਰ ਵਿੱਚ ਐਲਾਨਿਆ ਹੈ, ਪਰ ਅਜੇ ਤੱਕ ਇਹ ਇੱਕੋ ਐਲਾਨ ਹੈ ਕਿਉਂਕਿ ਮਾਰੀਟੋਰੀਅਮ ਮਿਆਦ ਵਿੱਚ ਵਿਆਜ ਦੇਣਾ ਕੀਤਾ ਗਿਆ ਹੈ। ਪਟੀਸ਼ਨਰ ਨੇ ਦਲੀਲ ਦਿੱਤੀ ਹੈ ਕਿ ਨਿਯਮਤ ਈ ਐੱਮ ਆਈ ਤੋਂ ਇਲਾਵਾ ਵਿਆਜ ਦਾ ਭੁਗਤਾਨ ਕਰਨ ਦਾ ਕੋਈ ਮਤਲਬ ਨਹੀਂ, ਇਸ ਲਈ ਮੰਗ ਕੀਤੀ ਹੈ ਕਿ ਵੈਲਫੇਅਰ ਸਟੇਟ ਹੋਣ ਨਾਤੇ ਰਾਜ ਦਾ ਫਰਜ਼ ਹੈ ਕਿ ਸੰਕਟ ਦੇ ਸਮੇਂ ਵਿੱਚ ਕਰਜ਼ਦਾਰਾਂ ਨੂੰ ਛੋਟ ਦਿੱਤੀ ਜਾਵੇ।

## ਅੜਬੰਗ ਸੁਭਾਅ ਵਾਲਾ ਸੀ ਨਿਹੰਗਾਂ ਦੇ ਡੇਰੇ ਦਾ ਮੁਖੀ, ਪਹਿਲਾਂ ਤੋਂ ਕਈ ਕੇਸ ਦਰਜ

ਪਟਿਆਲਾ, 13 ਅਪ੍ਰੈਲ (ਪੋਸਟ ਬਿਊਰੋ)- ਸੰਗਰੂਰ ਦੇ ਅਮਰਗੜ੍ਹ ਦਾ ਵਾਸੀ ਅਤੇ ਪਟਿਆਲਾ ਦੇ ਡੇਰਾ ਖਿਚੜੀ ਸਾਹਿਬ ਦਾ ਮੁਖੀ ਬਲਵਿੰਦਰ ਸਿੰਘ ਨਿਹੰਗ ਕਰੀਬ ਵੀਹ ਸਾਲ ਪਹਿਲਾਂ ਬਲਬੇੜਾ ਆਇਆ ਸੀ। ਇਥੇ ਆ ਕੇ ਉਸ ਨੇ ਇਹ ਡੇਰਾ ਬਣਾਇਆ ਹੈ। ਇਹ ਜਗ੍ਹਾ ਕਿਸੇ ਆੜ੍ਹਤੀ ਦੀ ਸੀ, ਜਿਸ 'ਤੇ ਇਨ੍ਹਾਂ ਲੋਕਾਂ ਨੇ ਕਬਜ਼ਾ ਕਰ ਲਿਆ ਸੀ। ਬਾਅਦ ਵਿੱਚ ਕਿਸੇ ਸਮਝੌਤੇ ਦੇ ਕਾਰਨ ਜ਼ਮੀਨ ਇਨ੍ਹਾਂ ਲੋਕਾਂ ਨੇ ਆਪਣੇ ਕਬਜ਼ੇ ਵਿੱਚ ਲੈ ਲਈ ਅਤੇ ਗੁਰਦੁਆਰਾ ਖਿਚੜੀ ਸਾਹਿਬ ਬਣਾ ਦਿੱਤਾ। ਗੁਰਦੁਆਰੇ ਦੇ ਇਤਿਹਾਸਕ ਮਹੱਤਤਾ ਨੂੰ ਦੇਖ ਕੇ ਲੋਕ ਧਾਰਮਿਕ ਆਸਥਾ ਕਾਰਨ ਇਥੇ ਜਾਣ ਲੱਗੇ।

ਇਸ ਡੇਰੇ ਦੇ ਮੁਖੀ ਦਾ ਅੜਬੰਗ ਸੁਭਾਅ ਹੌਲੀ-ਹੌਲੀ ਲੋਕਾਂ ਦੇ ਸਾਹਮਣੇ ਆਉਣ ਲੱਗ ਪਿਆ। ਸਾਲ 2010 ਵਿੱਚ ਇਨ੍ਹਾਂ ਲੋਕਾਂ ਨੇ ਥਾਣਾ ਸਦਰ ਪਟਿਆਲਾ ਦੇ ਸਾਬਕਾ ਇੰਚਾਰਜ ਅਤੇ ਮੌਜੂਦਾ ਡੀ ਐੱਸ ਪੀ ਜਸਵਿੰਦਰ ਸਿੰਘ ਟਿਵਾਣਾ 'ਤੇ ਜਾਨ-ਲੇਵਾ ਹਮਲਾ ਕੀਤਾ ਸੀ। ਇਸ ਦੇ ਇਲਾਵਾ ਇੱਕ ਚੋਰੀ ਦਾ ਕੇਸ ਵੀ ਦਰਜ ਹੋਇਆ ਸੀ। ਬਲਬੇੜਾ ਚੌਕੀ ਇਲਾਕੇ ਵਿੱਚ ਨੌਜਵਾਨ ਦੇ ਕਤਲ ਦੇ ਕੇਸ ਵਿੱਚ ਵੀ ਇਹ ਲੋਕ ਨਾਮਜ਼ਦ ਹੋਏ ਸਨ। ਕੁਝ ਸਾਲ ਪਹਿਲਾਂ ਡੇਰੇ ਵਿੱਚ ਕੜਾਹ ਪ੍ਰਸ਼ਾਦ ਤਿਆਰ ਕੀਤਾ ਜਾ ਰਿਹਾ ਸੀ ਤਾਂ ਏਥੋਂ ਇੱਕ ਕੁੱਤਾ ਨਿਕਲ ਗਿਆ। ਡੇਰਾ ਮੁਖੀ ਨੇ ਪ੍ਰਸ਼ਾਦ ਤਿਆਰ ਕਰਨ ਵਾਲੇ ਵਿਅਕਤੀ ਨੂੰ ਧਮਕਾਇਆ ਕਿ ਜੇ ਕੁੱਤੇ ਨੂੰ ਫੜ ਕੇ ਨਾ ਲਿਆਂਦਾ ਤਾਂ ਉਸ ਦੀ ਖੈਰ ਨਹੀਂ। ਕਾਫੀ ਤਲਾਸ਼ ਦੇ ਬਾਅਦ ਉਕਤ ਵਿਅਕਤੀ ਕੁੱਤੇ ਨੂੰ ਫੜ ਕੇ ਡੇਰੇ ਵਿੱਚ ਲਿਆਇਆ ਤਾਂ ਮੁਖੀ ਨੇ ਕੁੱਤੇ ਨੂੰ ਮਾਰ ਦਿੱਤਾ। ਇਹੀ ਨਹੀਂ ਡੇਰਾ ਮੁਖੀ ਦਾ ਬੇਟਾ ਵੀ ਮਾਮੂਲੀ ਗੱਲ 'ਤੇ ਵੀ ਤੁਰੰਤ ਤਲਵਾਰ ਕੱਢ ਲੈਂਦਾ ਸੀ। ਪਿੰਡ ਦੇ ਲੋਕ ਉਨ੍ਹਾਂ ਦੀਆਂ ਹਰਕਤਾਂ ਤੋਂ ਪ੍ਰੇਸ਼ਾਨ ਸਨ।

## ਲੁੱਟਾਂ-ਖੋਹਾਂ ਕਰਨ ਵਾਲੇ ਤਿੰਨ ਜਣੇ ਪੁਲਸ ਦੇ ਹੱਥੀਂ ਚੜ੍ਹੇ

ਜਲੰਧਰ, 13 ਅਪ੍ਰੈਲ (ਪੋਸਟ ਬਿਊਰੋ)- ਥਾਣਾ ਮਕਸੂਦਾਂ ਹੇਠਲ ਆਧੀ ਖੂਹੀ ਚੌਕੀ ਦੇ ਇੰਚਾਰਜ ਨਰਿੰਦਰ ਰੱਲ ਸਮੇਤ ਪੁਲਸ ਨੇ ਤਿੰਨ ਲੁਟੇਰਿਆਂ ਨੂੰ ਕਾਬੂ ਕੀਤਾ ਹੈ। ਚੌਕੀ ਇੰਚਾਰਜ ਨਰਿੰਦਰ ਰੱਲ ਨੇ ਦੱਸਿਆ ਕਿ ਦੋ ਦਿਨ ਪਹਿਲਾਂ ਸਬਜ਼ੀ ਵੇਚਣ ਚੱਲੇ ਨਾਰਾਇਣ ਪੁੱਤਰ ਗੰਗਾਧਰ ਵਾਸੀ ਗੋਰਖਪੁਰ ਯੂ ਪੀ ਹਾਲ ਵਾਸੀ ਸਰਪੰਚ ਦਾ ਵਿਹੜਾ ਸੰਗਲ ਸੋਹਲ, ਜੋ ਪਿਛਲੇ 25 ਸਾਲਾਂ ਤੋਂ ਇਥੇ ਰਹਿ ਰਿਹਾ ਹੈ, ਨੇ ਉਨ੍ਹਾਂ ਨੂੰ ਸ਼ਿਕਾਇਤ ਦਿੱਤੀ ਸੀ ਕਿ ਉਸ ਕੋਲੋਂ ਤਿੰਨ ਮੋਟਰਸਾਈਕਲ ਸਵਾਰ ਤੇਜ਼ਧਾਰ ਹਥਿਆਰ ਦੀ ਨੋਕ 'ਤੇ ਡਰਾ ਕੇ ਨੌ ਹਜ਼ਾਰ ਰੁਪਏ ਦੀ ਨਕਦੀ ਲੁੱਟ ਕੇ ਫ਼ਰਾਰ ਹੋ ਗਏ ਹਨ। ਉਨ੍ਹਾਂ ਦੱਸਿਆ ਕਿ ਉਸ ਵੱਲੋਂ ਦੱਸੇ ਹੁਲੀਏ ਉਤੇ ਉਨ੍ਹਾਂ ਵੱਲੋਂ ਨਾਕੇਬੰਦੀ ਦੌਰਾਨ ਪਿੰਡ ਸੰਗਲ ਸੋਹਲ ਦੇ ਕੱਚੇ ਰਸਤੇ ਤੋਂ ਮੋਟਰਸਾਈਕਲ 'ਤੇ ਸਵਾਰ ਹੋ ਕੇ ਆਏ ਤਿੰਨ ਜਣਿਆਂ ਨੂੰ ਸ਼ੱਕ ਦੇ ਆਧਾਰ 'ਤੇ ਰੁਕਣ ਦਾ ਇਸ਼ਾਰਾ ਕੀਤਾ ਤਾਂ ਮੋਟਰਸਾਈਕਲ ਸਵਾਰਾਂ ਨੇ ਫ਼ਰਾਰ ਹੋਣ ਦੀ ਕੋਸ਼ਿਸ਼ ਕੀਤੀ, ਪਰ ਪੁਲਸ ਨੇ ਉਨ੍ਹਾਂ ਦਾ ਪਿੱਛਾ ਕਰਕੇ ਉਨ੍ਹਾਂ ਨੂੰ ਕਾਬੂ ਕਰ ਲਿਆ। ਇਸ ਦੌਰਾਨ ਉਨ੍ਹਾਂ ਵਿੱਚੋਂ ਇੱਕ ਲੁਟੇਰਾ ਫ਼ਰਾਰ ਹੋ ਗਿਆ। ਦੋ ਲੁਟੇਰੇ ਉਨ੍ਹਾਂ ਨੇ ਫੜ ਲਏ। ਉਨ੍ਹਾਂ ਦੀ ਪੁੱਛਗਿੱਛ ਮਗਰੋਂ ਤੀਜੇ ਲੁਟੇਰੇ ਨੂੰ ਵੀ ਫੜ ਲਿਆ। ਉਨ੍ਹਾਂ ਦੱਸਿਆ ਕਿ ਫੜੇ ਗਏ ਲੁਟੇਰਿਆਂ ਦੀ ਪਛਾਣ ਪਰਮਜੀਤ ਸਿੰਘ ਉਰਫ ਕਾਕਾ, ਜਿਸ ਨੇ ਸਬਜ਼ੀ ਵਿਕਰੇਤਾ ਨੂੰ ਤੇਜ਼ਧਾਰ ਹਥਿਆਰ ਨਾਲ ਡਰਾਇਆ ਸੀ ਤੇ ਗੁਰਚਰਨ ਸਿੰਘ, ਲਵਪ੍ਰੀਤ ਤਿੰਨੇ ਲੁਟੇਰੇ ਪਿੰਡ ਵਰਿਆਣਾ ਵਜੋਂ ਹੋਈ ਹੈ। ਚੌਕੀ ਇੰਚਰਾਜ ਨਰਿੰਦਰ ਰੱਲ ਨੇ ਦੱਸਿਆ ਕਿ ਲਵਪ੍ਰੀਤ ਵਿਰੁੱਧ ਪਹਿਲਾਂ ਵੀ ਚੋਰੀ ਦੇ ਕੇਸ ਦਰਜ ਹਨ।



## ਕਿਸਾਨ ਜਥੇਬੰਦੀਆਂ ਨੇ ਫਸਲ ਮੌਕੇ ਕਰਫਿਊ ਦੀ ਢਿੱਲ ਲਈ ਮੁੱਖ ਮੰਤਰੀ ਨੂੰ ਪੱਤਰ ਲਿਖਿਆ

ਚੰਡੀਗੜ੍ਹ, 13 ਅਪ੍ਰੈਲ (ਪੋਸਟ ਬਿਊਰੋ)- ਕੁੱਲ ਹਿੰਦ ਕਿਸਾਨ ਸੰਘਰਸ਼ ਤਾਲਮੇਲ ਕਮੇਟੀ ਨਾਲ ਸਬੰਧਤ ਦਸ ਕਿਸਾਨ ਜਥੇਬੰਦੀਆਂ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਪੱਤਰ ਲਿਖ ਕੇ ਕੋਰੋਨਾ ਦੇ ਚੱਕਰ ਦੌਰਾਨ ਕਿਸਾਨਾਂ ਅਤੇ ਪੇਂਡੂ ਖੇਤ ਮਜ਼ਦੂਰਾਂ ਨੂੰ ਆ ਰਹੀਆਂ ਸਮੱਸਿਆਵਾਂ ਖ਼ਤਮ ਕਰਨ ਲਈ ਪੇਂਡੂ ਖੇਤਰ 'ਚ ਕਰਫਿਊ, ਲਾਕਡਾਊਨ 'ਚ ਥੋੜ੍ਹੀ ਢਿੱਲ ਦੇਣ ਦੀ ਮੰਗ ਕੀਤੀ ਹੈ, ਤਾਂ ਕਿ ਫਸਲ ਵੇਲੇ ਸਿਰ ਸੰਭਾਲੀ ਜਾ ਸਕੇ। ਇਨ੍ਹਾਂ ਦੱਸ ਕਿਸਾਨ ਯੂਨੀਅਨ ਦੇ ਆਗੂਆਂ ਸਤਨਾਮ ਸਿੰਘ ਅਜਨਾਲਾ, ਜਗਮੋਹਣ ਸਿੰਘ ਪਟਿਆਲਾ, ਭੁਪਿੰਦਰ ਸਿੰਘ ਸਾਂਭਰ, ਮੇਜਰ ਸਿੰਘ ਪੁੰਨਾਵਾਲ, ਰੁਲਦੂ ਸਿੰਘ ਮਾਨਸਾ, ਨਿਰਭੈ ਸਿੰਘ ਢੁੱਡੀਕੇ, ਡਾ. ਦਰਸ਼ਨ ਪਾਲ, ਇੰਦਰਜੀਤ ਕੋਟਾਬੁੱਢਾ, ਹਰਜਿੰਦਰ ਸਿੰਘ ਟਾਂਡਾ, ਗੁਰਬਖ਼ਸ਼ ਸਿੰਘ ਬਰਨਾਲਾ ਨੇ ਕਿਹਾ ਕਿ ਪੇਂਡੂ ਇਲਾਕਿਆਂ ਵਿੱਚ ਲਾਕਡਾਊਨ ਢਿੱਲਾ ਕਰਨ ਨਾਲ ਲੋਕਾਂ ਨੂੰ ਸਮਾਜਿਕ ਦੂਰੀ ਬਣਾ ਕੇ ਰੱਖਣ ਦੀਆਂ ਹਦਾਇਤਾਂ ਬਾਰੇ ਸਿੱਖਿਅਤ ਕੀਤਾ ਜਾਵੇ। ਕਣਕ ਦੀ ਵਢਾਈ ਦਾ ਸਮਾਂ ਸਵੇਰੇ ਛੇ ਵਜੇ ਤੋਂ ਸ਼ਾਮ ਅੱਠ ਵਜੇ ਕੀਤਾ ਜਾਵੇ। ਇਸੇ ਤਰ੍ਹਾਂ ਵਾਢੀ ਲਈ ਕੰਬਾਈਨਾਂ, ਟਰੈਕਟਰਾਂ ਅਤੇ ਹੋਰ ਮਸ਼ੀਨਰੀ ਦੀ ਆਵਾਜਾਈ ਨੂੰ ਨਿਰਵਿਘਨ ਚੱਲਣ ਦਿੱਤਾ ਜਾਵੇ। ਸਪੇਅਰ ਪਾਰਟਸ, ਮਿਸਤਰੀਆਂ ਦੀਆਂ ਵਰਕਸ਼ਾਪਾਂ ਅਤੇ ਟਾਇਰ ਬਦਲਣ ਅਤੇ ਪੰਕਚਰ ਲਾਉਣ ਵਾਲੀਆਂ ਦੁਕਾਨਾਂ ਨੂੰ ਵੀ ਸਾਰਾ ਦਿਨ ਖੁੱਲ੍ਹਣ ਦੀ ਇਜਾਜ਼ਤ ਦਿੱਤੀ ਜਾਵੇ। ਕਿਸਾਨਾਂ ਨੂੰ ਕਣਕ ਮੰਡੀ 'ਚ ਲਿਆਉਣ ਲਈ ਅਗੇਤੀ ਜਾਣਕਾਰੀ ਦੇਣ, ਵੇਚੀ ਹੋਈ ਫਸਲ ਦੀ ਅਦਾਇਗੀ 48 ਘੰਟਿਆਂ ਵਿੱਚ ਕਿਸਾਨ ਦੇ ਬੈਂਕ ਖਾਤੇ ਵਿੱਚ ਜਮ੍ਹਾਂ ਕਰਨ, ਪੰਜ ਏਕੜ ਤੱਕ ਦੇ ਕਿਸਾਨ ਨੂੰ 100 ਰੁਪਏ ਪ੍ਰਤੀ ਕੁਇੰਟਲ ਮੁਆਵਜ਼ਾ ਦੇਣ, ਖੇਤ 'ਚ ਕੰਮ ਕਰਦਿਆਂ ਮਰਨ ਉੱਤੇ 50 ਲੱਖ ਰੁਪਏ ਬੀਮੇ ਜਾਂ ਮੁਆਵਜ਼ੇ ਦੀ ਗਾਰੰਟੀ ਕੇਂਦਰ ਸਰਕਾਰ ਵੱਲੋਂ ਦੇਣ ਦੀ ਮੰਗ ਕੀਤੀ ਹੈ।

## ਕੋਰੋਨਾ ਖ਼ਿਲਾਫ਼ ਜੰਗ ਵਿਚ ਕਈ ਲੋਕ ਮੈਦਾਨ ਛੱਡਣ ਲਈ ਕਾਹਲੇ

ਚੰਡੀਗੜ੍ਹ, 13 ਅਪ੍ਰੈਲ (ਪੋਸਟ ਬਿਊਰੋ)- ਦੁਨੀਆ ਵਿੱਚ ਕੋਰੋਨਾ ਦੀ ਮਹਾਮਾਰੀ ਦੌਰਾਨ ਪੰਜਾਬ ਦੇ ਡਾਕਟਰ ਅਤੇ ਪੈਰਾ ਮੈਡੀਕਲ ਮੁਲਾਜ਼ਮ ਵੀ ਡਰਦੇ ਹਨ ਅਤੇ ਉਨ੍ਹਾਂ ਵਿੱਚੋਂ ਕਈ ਲੋਕ ਕੋਰੋਨਾ ਦੇ ਖ਼ਿਲਾਫ਼ ਲੜਾਈ ਵਿੱਚੋਂ ਭੱਜਣ ਲਈ ਡਿਊਟੀ ਤੋਂ ਛੋਟ ਲੈਣਾ ਚਾਹੁੰਦੇ ਹਨ। ਬਹੁਤਾ ਸਿਹਤ ਅਮਲਾ ਬੇਸ਼ਕਲ ਹਾਲੇ ਆਪੋ-ਆਪਣੀਆਂ ਡਿਊਟੀਆਂ 'ਤੇ ਹੈ, ਪ੍ਰੰਤੂ ਕਈ ਹੇਠਾਂ ਵਾਲੇ ਮੁਲਾਜ਼ਮ ਅਤੇ ਡਾਕਟਰ ਆਪਣੀ ਬਿਮਾਰੀ ਦਾ ਵਾਸਤਾ ਪਾ ਕੇ ਛੁੱਟੀ ਲੈਣ ਲਈ ਜ਼ੋਰ ਲਾ ਰਹੇ ਹਨ।

ਪਟਿਆਲਾ ਵਿੱਚ ਇੱਕ ਡਾਕਟਰ ਆਪਣੀ ਬਿਮਾਰੀ ਦਾ ਬਹਾਨਾ ਲਾ ਕੇ ਛੁੱਟੀ ਚਾਹੁੰਦਾ ਸੀ, ਪਰ ਸਿਵਲ ਸਰਜਨ ਪਟਿਆਲਾ ਡਾ. ਹਰੀਸ਼ ਮਲਹੋਤਰਾ ਨੇ ਦੱਸਿਆ ਕਿ ਸੰਕਟ ਦੀ ਘੜੀ ਵਿੱਚ ਸਭ ਮੈਦਾਨ 'ਚ ਡੱਟੇ ਹੋਏ ਹਨ। ਇਸ ਦੌਰਾਨ ਇੱਕ ਡਾਕਟਰ ਦੀ ਛੁੱਟੀ ਦੀ ਅਰਜ਼ੀ ਰੱਦ ਕੀਤੀ ਗਈ ਹੈ। ਪਿਛਲੇ ਦਿਨਾਂ ਵਿੱਚ ਜਿਨ੍ਹਾਂ ਡਾਕਟਰਾਂ ਨੇ ਕੁਤਾਹੀ ਵਰਤੀ ਸੀ, ਉਨ੍ਹਾਂ ਵੱਲੋਂ ਮੁਆਫ਼ੀ ਮੰਗੇ ਜਾਣ ਨਾਲ ਗੱਲ ਮੁੱਕ ਗਈ ਹੈ।

ਵਰਨਣ ਯੋਗ ਹੈ ਕਿ ਮੁਹਾਲੀ ਵਿੱਚ ਕੋਰੋਨਾ ਦੇ ਕੇਸ ਸਭ ਤੋਂ ਵੱਧ ਹਨ। ਰੈਪਿਡ ਰਿਸਪੌਂਸ ਟੀਮ ਦੇ ਇੱਕ ਮੈਂਬਰ ਨੇ ਦੱਸਿਆ ਕਿ ਉਨ੍ਹਾਂ ਨੂੰ ਡਿਊਟੀ ਕਰਦਿਆਂ ਡਰ ਬਣਿਆ ਰਹਿੰਦਾ ਹੈ। ਉਨ੍ਹਾਂ ਦੇ ਪਰਵਾਰ ਫ਼ਿਕਰਮੰਦ ਹਨ। ਸਿਵਲ ਸਰਜਨ ਮੁਹਾਲੀ ਡਾ. ਮਨਜੀਤ ਸਿੰਘ ਦੇ ਮੁਤਾਬਕ ਮਹਿਕਮੇ ਦੀ ਫ਼ੌਜ ਪੂਰੀ ਚੜ੍ਹਦੀ ਕਲਾ ਵਿੱਚ ਹੈ। ਸੂਤਰਾਂ ਅਨੁਸਾਰ ਬਰਨਾਲਾ ਵਿੱਚ ਤਿੰਨ ਸਟਾਫ਼ ਮੈਂਬਰਾਂ ਨੇ ਸਿਫ਼ਾਰਿਸ਼ ਲਾ ਕੇ ਡਿਊਟੀ ਤੋਂ ਛੋਟ ਮੰਗੀ ਸੀ, ਪ੍ਰੰਤੂ ਸਿਵਲ ਸਰਜਨ ਬਰਨਾਲਾ ਡਾ. ਜੀ ਬੀ ਸਿੰਘ ਨੇ ਏਦਾਂ ਦੀ ਗੱਲ ਤੋਂ ਇਨਕਾਰ ਕੀਤਾ ਹੈ। ਪੈਰਾ ਮੈਡੀਕਲ ਸਟਾਫ਼ ਤਾਲਮੇਲ ਕਮੇਟੀ ਦੇ ਸੂਬਾ ਕਨਵੀਨਰ ਕੁਲਬੀਰ ਢਿੱਲੋਂ ਦਾ ਕਹਿਣਾ ਹੈ ਕਿ ਮਲਟੀਪਰਪਜ਼ ਹੈਲਥ ਵਰਕਰਜ਼ (ਫੀਮੇਲ) ਦੀ ਤਾਇਨਾਤੀ ਇਕਾਂਤਵਾਸ ਕੇਂਦਰਾਂ ਵਿੱਚ ਕੀਤੀ ਜਾ ਰਹੀ ਹੈ, ਪਰ ਉਨ੍ਹਾਂ ਕੋਲ ਕਲੀਨੀਕਲ ਤਜ਼ਰਬਾ ਨਹੀਂ ਹੈ। ਇਨ੍ਹਾਂ ਕੇਂਦਰਾਂ ਵਿੱਚ ਨਰਸਿੰਗ ਸਟਾਫ਼ ਲਾਇਆ ਜਾਵੇ। ਉਨ੍ਹਾਂ ਆਖਿਆ ਕਿ ਇਸ ਮਾਮਲੇ ਵਿੱਚ ਸਿਫ਼ਾਰਿਸ਼ ਚੱਲਦੀ ਹੈ ਅਤੇ ਕੋਈ ਨੀਤੀ ਨਹੀਂ ਹੈ। ਜਾਣਕਾਰ ਸੂਤਰਾਂ ਅਨੁਸਾਰ ਬਠਿੰਡਾ ਵਿੱਚ ਇਸੇ ਤਰ੍ਹਾਂ ਇੱਕ ਸਟਾਫ਼ ਮੈਂਬਰ ਨੂੰ ਡਿਊਟੀ ਤੋਂ ਛੋਟ ਮਿਲੀ ਹੈ। ਪਤਾ ਲੱਗਾ ਹੈ ਕਿ ਡਿਊਟੀਆਂ ਵਿੱਚ ਪੱਖਪਾਤ ਦਾ ਮਾਮਲਾ ਵਿੱਤ ਮੰਤਰੀ ਪੰਜਾਬ ਕੋਲ ਵੀ ਉਠਿਆ ਸੀ। ਬਠਿੰਡਾ ਵਿੱਚ ਜਦੋਂ ਡਾਕਟਰ ਦੇ ਮੁਲਾਜ਼ਮ ਖ਼ੁਦ ਆਪਣੀ ਬਿਮਾਰੀ ਦੇ ਬਹਾਨੇ ਡਿਊਟੀ ਤੋਂ ਛੋਟ ਮੰਗਣ ਲੱਗੇ ਤਾਂ ਡਾਕਟਰਾਂ ਦਾ ਮੈਡੀਕਲ ਬੋਰਡ ਬਣਾਉਣਾ ਪਿਆ। ਸਿਵਲ ਸਰਜਨ ਡਾ. ਅਮਰੀਕ ਸਿੰਘ ਸੰਧੂ ਦਾ ਕਹਿਣਾ ਹੈ ਕਿ ਕੁਝ ਲੋਕ ਆਪਣੀ ਸ਼ੂਗਰ ਜਾਂ ਦਿਲ ਦੀ ਬਿਮਾਰੀ ਦੱਸ ਕੇ ਡਿਊਟੀ ਤੋਂ ਛੋਟ ਮੰਗਦੇ ਹਨ, ਪ੍ਰੰਤੂ ਉਹ ਇਹ ਕੇਸ ਬੋਰਡ ਨੂੰ ਭੇਜ ਦਿੰਦੇ ਹਨ। ਮਾਨਸਾ ਵਿੱਚ ਇੱਕੋ ਡਾਕਟਰ ਵੱਲੋਂ ਕੋਰੋਨਾ ਪੀੜਤਾਂ ਦੇ ਨਮੂਨੇ ਇਕੱਠੇ ਕੀਤੇ ਜਾ ਰਹੇ ਹਨ ਅਤੇ ਉਸੇ ਦੀ ਜਵਾਬ ਤਲਬੀ ਹੋਣ ਦੇ ਚਰਚੇ ਹਨ ਪ੍ਰੰਤੂ ਸਿਵਲ ਸਰਜਨ ਡਾ. ਲਾਲ ਚੰਦ ਠੁਕਰਾਲ ਇਸ ਤੋਂ ਇਨਕਾਰ ਕਰਦੇ ਹਨ। ਮੁਕਤਸਰ ਵਿੱਚ ਸਿਹਤ ਸਟਾਫ ਦੇ ਕੁਝ ਮੈਂਬਰਾਂ ਨੇ ਇਕਾਂਤਵਾਸ ਕੇਂਦਰਾਂ ਵਿੱਚ ਡਿਊਟੀ ਤੋਂ ਛੋਟ ਲਈ ਕੋਸ਼ਿਸ਼ ਕੀਤੀ ਸੀ। ਸਿਵਲ ਸਰਜਨ ਡਾ. ਹਰੀ ਨਾਰਾਇਣ ਆਖਦੇ ਹਨ ਕਿ ਹਰ ਕਿਸੇ ਦੀ ਛੋਟ ਲੈਣ ਦੀ ਇੱਛਾ ਹੈ, ਪਰ ਉਨ੍ਹਾਂ ਦੇ ਜ਼ਿਲ੍ਹੇ ਵਿੱਚ ਕਿਸੇ ਨੂੰ ਕੋਈ ਛੋਟ ਨਹੀਂ ਦਿੱਤੀ ਗਈ ਹੈ। ਪੈਰਾ ਮੈਡੀਕਲ ਸਟਾਫ਼ ਦੇ ਇੱਕ ਨੁਮਾਇੰਦੇ ਨੇ ਦੱਸਿਆ ਕਿ ਪਠਾਨਕੋਟ 'ਚ ਇੱਕ ਸਟਾਫ਼ ਮੈਂਬਰ ਨੇ ਸਿਆਸੀ ਪਹੁੰਚ ਵੀ ਬਣਾਈ, ਪ੍ਰੰਤੂ ਗੱਲ ਬਣ ਨਹੀਂ ਸਕੀ। ਫ਼ਤਹਿਗੜ੍ਹ ਸਾਹਿਬ ਦੇ ਸਿਵਲ ਸਰਜਨ ਡਾ. ਐਨ ਕੇ ਅਗਰਵਾਲ ਨੇ ਕਿਹਾ ਕਿ ਉਨ੍ਹਾਂ ਦੇ ਜ਼ਿਲ੍ਹੇ ਵਿੱਚ ਕੋਈ ਸਮੱਸਿਆ ਨਹੀਂ। ਪੰਜਾਬ ਸਿਵਲ ਮੈਡੀਕਲ ਸਰਵਿਸਜ਼ ਦੇ ਸੂਬਾ ਕਮੇਟੀ ਮੈਂਬਰ ਡਾ. ਗੁਰਮੇਲ ਸਿੰਘ ਨੇ ਕਿਹਾ ਕਿ ਕੁਝ ਥਾਵਾਂ 'ਤੇ ਜ਼ਿਲ੍ਹਾ ਪਰੀਸ਼ਦ ਹੇਠਲੇ ਡਾਕਟਰਾਂ ਨੂੰ ਡਿਊਟੀ ਦੇ ਘੰਟਿਆਂ ਵਿੱਚ ਛੋਟ ਦਿੱਤੀ ਜਾ ਰਹੀ ਹੈ ਪ੍ਰੰਤੂ ਉਹ ਪੱਖਪਾਤ ਨਹੀਂ ਹੋਣ ਦੇਣਗੇ। ਪੀ ਸੀ ਐਮ ਐਸ ਦੇ ਪ੍ਰਧਾਨ ਡਾ. ਗਗਨਦੀਪ ਸਿੰਘ ਨੇ ਕਿਹਾ ਕਿ ਸਰਕਾਰ ਨਿਯਮਾਂ ਅਨੁਸਾਰ ਮੈਡੀਕਲ ਸਾਜ਼ੋ-ਸਾਮਾਨ ਦੇਵੇ। ਉਨ੍ਹਾਂ ਕਿਹਾ ਕਿ ਮਾਨਸਾ ਜ਼ਿਲ੍ਹੇ ਵਿੱਚ ਇੱਕ ਡਾਕਟਰ ਦੀ ਹੇਠਲੇ ਪੱਧਰ 'ਤੇ ਜਵਾਬਤਲਬੀ ਕੀਤੀ ਗਈ ਸੀ ਜਦੋਂ ਕਿ ਉਸ ਡਾਕਟਰ ਵੱਲੋਂ ਸਭ ਤੋਂ ਚੰਗਾ ਕੰਮ ਕੀਤਾ ਜਾ ਰਿਹਾ ਹੈ।



jobs! jobs! jobs! jobs! jobs!

HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

DUNDAS·JAFINE

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

ਕਾਮਿਆਂ ਦੀ ਲੋੜ

ਨਰਸਰੀ ਵਿੱਚ ਕੰਮ ਕਰਨ ਲਈ ਬੰਦਿਆਂ ਦੀ ਲੋੜ ਹੈ। ਰੋਜਾਨਾ ਕੰਮ ਅਤੇ ਚੰਗੀ ਪੇਅ ਦਿੱਤੀ ਜਾਵੇਗੀ। ਰਾਈਡ ਦੀ ਵੀ ਪੂਰਾ ਪ੍ਰਬੰਧ ਹੈ।
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:

647-764-3637



# ਕੋਰੋਨਾ ਨਿਊਜ਼ ਦੀ ਥਾਂ ਪੋਰਨ ਦੇਖਣ ਦੇ ਲਈ ਭਾਰਤੀ ਲੋਕ ਦੁਨੀਆਂ ਵਿੱਚ ਨੰਬਰ ਇੱਕ

ਨਵੀਂ ਦਿੱਲੀ, 13 ਅਪ੍ਰੈਲ (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੇ ਕਹਿਰ ਕਾਰਨ ਭਾਰਤ ਵਿੱਚ 21 ਦਿਨ ਦਾ ਲਾਕਡਾਊਨ ਚੱਲ ਰਿਹਾ ਹੈ। ਅਜਿਹੇ ਵਿੱਚ ਲੋਕ ਘਰਾਂ 'ਚ ਬੋਰਿੰਗ ਮਹਿਸੂਸ ਕਰਦੇ ਹਨ। ਸਰਕਾਰ ਨੇ ਕਈ ਪੁਰਾਣੇ ਸੀਰੀਅਲ ਟੀ ਵੀ 'ਤੇ ਦੁਬਾਰਾ ਸ਼ੁਰੂ ਕੀਤੇ ਹਨ, ਪਰ ਇੱਕ ਅਜਿਹੀ ਰਿਪੋਰਟ ਆਈ ਹੈ ਜਿਸ ਨੇ ਸਭ ਨੂੰ ਹੈਰਾਨ ਕਰ ਦਿੱਤਾ ਹੈ।



ਲਾਕਡਾਊਨ ਵਿੱਚ ਅਡਲਟ ਵੈੱਬਸਾਈਟ ਵੱਧ ਦੇਖੀਆਂ ਜਾ ਰਹੀਆਂ ਹਨ। ਇੱਕ ਰਿਪੋਰਟ ਮੁਤਾ-ਬਕ ਦੁਨੀਆ ਦੇ ਸਾਰੇ ਦੇਸ਼ਾਂ 'ਚ ਪੋਰਨ ਦੀ ਮੰਗ ਵਧ ਗਈ ਹੈ ਜਿਸ ਵਿੱਚ ਭਾਰਤੀ ਲੋਕ ਸਭ ਤੋਂ ਟੌਪ 'ਤੇ ਹਨ। ਦੁਨੀਆ ਦੀ ਸਭ ਤੋਂ ਵੱਡੀ ਪੋਰਨ ਵੈੱਬਸਾਈਟ ਪੋਰਨ ਹੱਬ ਦੇ ਅੰਕੜਿਆਂ ਮੁਤਾਬਕ ਲਾਕਡਾਊਨ ਮਗਰੋਂ ਇਕਦਮ ਪੋਰਨ ਵੈੱਬਸਾਈਟ 'ਤੇ ਟਰੈਫਿਕ ਵਧ ਗਿਆ ਹੈ। ਪੋਰਨ ਹੱਬ ਦੇ ਅੰਕੜਿਆਂ ਮੁਤਾਬਕ ਤਿੰਨ ਹਫਤੇ ਦੇ ਲਾਕਡਾਊਨ ਵਿੱਚ ਭਾਰਤ 'ਚ ਅਡਲਟ ਵੈੱਬਸਾਈਟ 'ਤੇ ਜਾਣ ਵਾਲਿਆਂ ਦੀ ਟਰੈਫਿਕ 'ਚ 95 ਫੀਸਦੀ ਦਾ ਵਾਧਾ ਰਿਕਾਰਡ ਕੀਤਾ ਗਿਆ ਹੈ।

ਦੱਸਿਆ ਗਿਆ ਹੈ ਕਿ ਪੋਰਨ ਕੰਟੈਂਟ ਦੇਖਣ ਵਾਲੇ ਭਾਰਤੀਆਂ ਦੇ ਅੰਕੜੇ ਮਾਰਚ ਦੇ ਅੰਤ ਵਿੱਚ 20 ਫੀਸਦੀ ਵਧ ਗਏ। ਭਾਰਤ ਤੋਂ ਇਲਾਵਾ ਹੋਰ ਦੇਸ਼ਾਂ ਦੇ ਲੋਕ ਵੀ ਘੱਟ ਨਹੀਂ ਹਨ। ਰਿਪੋਰਟ ਤੋਂ ਪਤਾ ਲੱਗਦਾ ਹੈ ਕਿ ਲਾਕਡਾਊਨ ਕਾਰਨ ਭਾਰਤ, ਜਰਮਨੀ, ਫਰਾਂਸ, ਰੂਸ, ਸਪੇਨ, ਸਾਊਥ ਕੋਰੀਆ, ਅਮਰੀਕਾ ਵਿੱਚ ਅਡਲਟ ਵੈਬਸਾਈਟ ਦਾ ਟਰੈਫਿਕ ਕਾਫੀ ਜ਼ਿਆਦਾ ਵਧਿਆ ਹੈ। ਪੋਰਨ ਵੈੱਬਸਾਈਟਸ ਪੋਰਨ ਹੱਬ ਦੇ ਅੰਕੜਿਆਂ ਮਤਾਬਕ 17 ਮਾਰਚ ਨੂੰ ਫਰਾਂਸ 'ਚ ਲਾਕਡਾਊਨ ਸ਼ੁਰੂ ਹੋਣ ਤੋਂ ਬਾਅਦ ਇਥੇ ਟਰੈਫਿਕ ਵਿੱਚ ਚਾਲੀ ਫੀਸਦੀ ਵਧਿਆ ਹੈ। ਜਰਮਨੀ 'ਚ 22 ਮਾਰਚ ਤੋਂ ਲਾਕਡਾਊਨ ਸ਼ੁਰੂ ਹੋਣ ਤੋਂ ਬਾਅਦ ਅਡਲਟ ਸਾਈਟ 'ਤੇ 25 ਫੀਸਦੀ ਦਾ ਉਛਾਲ ਪਾਇਆ ਗਿਆ। ਇਟਲੀ 'ਚ ਲਾਕਡਾਊਨ ਦੇ ਦੌਰਾਨ 55 ਫੀਸਦੀ ਅਤੇ ਰੂਸ 'ਚ 56 ਫੀਸਦੀ ਦਾ ਵਾਧਾ ਹੋਇਆ ਹੈ, ਭਾਰਤ 'ਚ 24 ਮਾਰਚ ਤੋਂ ਲਾਕਡਾਊਨ ਦਾ ਐਲਾਨ ਹੋਇਆ ਸੀ ਉਦੋਂ ਤੋਂ ਇਥੇ ਪੋਰਨ ਦੇਖਣ ਵਾਲਿਆਂ ਦੀ ਗਿਣਤੀ 'ਚ 95 ਫੀਸਦੀ ਦਾ ਵਾਧਾ ਹੋ ਗਿਆ ਹੈ।

# ਕੋਰੋਨਾ ਨੇ ਕੇਰਲ ਵਿੱਚ ਖ਼ੂਨ ਦੇ ਪਿਆਸੇ ਦੁਸ਼ਮਣਾਂ ਨੂੰ 'ਦੋਸਤ' ਬਣਾ ਦਿੱਤਾ

## * ਰਿਲੀਫ ਵੰਡਣ ਲਈ ਕਾਮਰੇਡ ਤੇ ਭਾਜਪਾਈਏ ਇਕੱਠੇ ਹੋਏ

ਤਿਰੂਵਨੰਤਪੁਰਮ, 13 ਅਪ੍ਰੈਲ (ਪੋਸਟ ਬਿਊਰੋ)- ਬੁਰਾ ਸਮਾਂ ਮਨੁੱਖ ਵਿੱਚ ਚੰਗਾਈ ਵੀ ਨਾਲ ਲਿਆਉਂਦਾ ਹੈ। ਸਾਰੇ ਭਾਰਤ ਵਿੱਚ ਕੋਰੋਨਾ ਦਾ ਪਹਿਲਾ ਪੀੜਤ ਜਿਸ ਰਾਜ ਤੋਂ ਮਿਲਿਆ ਸੀ, ਉਸ ਕੇਰਲ ਵਿੱਚ ਇੱਕ ਅਜੀਬ ਮੇਲ ਮਿਲਾਪ ਸਭ ਦੇ ਦਿਲ ਵਿੱਚ ਇੱਕ ਸੁਖ ਦੀ ਅਹਿਸਾਸ ਕਰਵਾ ਰਿਹਾ ਹੈ। ਇੱਕ-ਦੂਸਰੇ ਦੇ ਖੂਨ ਦੇ ਪਿਆਸੇ ਦੁਸ਼ਮਣ ਪੁਰਾਣੀ ਕੱਟੜਤਾ ਭੁੱਲ ਕੇ ਅੱਜਕੱਲ੍ਹ ਸਾਂਝੀ ਰਸੋਈ ਵਿੱਚ ਮੋਢੇ ਨਾਲ ਮੋਢ ਜੋੜ ਕੇ ਸੇਵਾ ਦਾ ਕੰਮ ਕਰ ਰਹੇ ਹਨ। ਕੇਰਲ ਦੇ ਕੁਨੂਰ ਜ਼ਿਲ੍ਹੇ ਦੇ ਥੇਲਾਸਰੀ ਵਿੱਚ ਮਾਕਸਵਾਦੀ ਕਮਿਊਨਿਸਟ ਪਾਰਟੀ (ਸੀ ਪੀ ਐਮ) ਅਤੇ ਆਰ ਐਸ ਐਸ (ਰਾਸ਼ਟਰੀ ਸੋਇਮ ਸੇਵਕ ਸੰਘ) ਦੇ ਨੇਤਾਵਾਂ ਅਤੇ ਵਰਕਰਾਂ ਦੀ ਪੁਰਾਣੀ ਦੁਸ਼ਮਣੀ ਹੈ। ਦੁਸ਼ਮਣੀ ਵੀ ਅੱਜ ਦੀ ਨਹੀਂ, ਸਗੋਂ ਤਿੰਨ ਦਹਾਕਿਆਂ ਦੀ ਖ਼ੂਨੀ ਵਿੱਚ ਦੋਵਾਂ ਧਿਰਾਂ ਦੇ 200 ਲੋਕਾਂ ਦੀ ਜਾਨ ਜਾ ਚੁੱਕੀ ਹੈ। ਸਮੁੰਦਰ ਕਿਨਾਰੇ ਵੱਸਿਆ ਥੇਲਾਸਰੀ ਇਲਾਕਾ ਮੁੱਖ ਮੰਤਰੀ ਪਿਨਾਰਈ ਵਿਜੈਅਨ, ਸੀ ਪੀ ਐੱਮ ਦੇ ਕੇਰਲਾ ਦੇ ਸੈਕਟਰੀ ਕੋਦਿਆਰੀ ਬਾਲਾਕ੍ਰਿਸ਼ਨ, ਵਿਦੇਸ਼ ਰਾਜਮੰਤਰੀ ਵੀ ਮੁਰਲੀਧਰਨ ਅਤੇ ਕਈ ਹੋਰ ਨੇਤਾਵਾਂ ਦਾ ਘਰ ਹੈ। ਹਾਲਾਤ ਇਹ ਸੀ ਕਿ ਥੇਲਾਸਰੀ ਵਿੱਚ ਸੀ ਪੀ ਐਮ ਅਤੇ ਆਰ ਐੱਸ ਐੱਸ ਵੰਡੇ ਹੋਏ ਸਨ ਅਤੇ ਇੱਕ ਧਿਰ ਦਾ ਆਦਮੀ ਦੂਸਰੇ ਪਾਸੇ ਜਾਂਦਾ ਵੀ ਡਰਦਾ ਸੀ।

ਸਾਂਝੀ ਰਸੋਈ ਵਿੱਚ ਆਰ ਐਸ ਐਸ ਦੇ ਸਾਮਾਜਿਕ ਵਿੰਗ ਸੇਵਾ ਭਾਰਤੀ ਅਤੇ ਸੀ ਪੀ ਐਮ ਦੇ ਵਿਦਿਆਰਥੀ ਵਿੰਗ ਐੱਸ ਐੱਫ ਆਈ ਅਤੇ ਡੈਮੋਕ੍ਰੇਟਿਕ ਯੂਥ ਫੈਡਰੇਸ਼ਨ ਆਫ ਇੰਡੀਆ ਦੇ ਨਾਲ ਲੀਗ ਅਤੇ ਯੂਥ ਕਾਂਗਰਸ ਦੇ ਮੈਂਬਰ ਸਾਂਬਰ ਦੇ ਲਈ ਸਬਜ਼ੀਆਂ ਕੱਟਣ ਜਾ ਚਾਵਲ ਉਬਾਲਣ ਵਰਗੇ ਕੰਮ ਏਦਾਂ ਮਿਲ ਕੇ ਕਰ ਰਹੇ ਹਨ, ਜਿਵੇਂ ਸਾਲਾਂ ਦੇ ਮਿੱਤਰ ਹੋਣ। ਥੇਲਾਸਰੀ ਦੇ ਵਿਧਾਇਕ ਏ ਐਨ ਸ਼ਮਸ਼ੀਰ ਕਹਿੰਦੇ ਹਨ ਕਿ ਅੱਜ ਰਾਜਨੀਤੀ ਦਾ ਸਮੇਂ ਨਹੀਂ। ਸਾਡੇ ਮੁੱਖ ਮੰਤਰੀ ਨੇ ਖੁੱਲ੍ਹਾ ਸੱਦਾ ਦੇ ਕੇ ਸਾਰਿਆ ਨੂੰ ਸਾਂਝੀ ਰਸੋਈ ਵਿੱਚ ਹੱਥ ਵੰਡਾਉਣ ਨੂੰ ਕਿਹਾ ਹੈ। ਸਾਡਾ ਉਦੇਸ਼ ਭੁੱਖੇ ਲੋਕਾਂ ਦੇ ਪੇਟ ਭਰਨਾ ਹੈ। ਭਾਜਪਾ ਨੇਤਾ ਐਸ ਪੀ ਸੁਰੇਸ਼ ਕਹਿੰਦੇ ਹਨ ਕਿ ਭੁੱਖਿਆਂ ਨੂੰ ਖਾਣਾ ਖਿਲਾਉਣਾ ਕੌਮੀ ਮੁਹਿੰਮ ਬਣ ਚੁੱਕਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕਹਿ ਚੁੱਕੇ ਹਨ ਕਿ ਇਸ ਸੰਕਟ ਦੇ ਸਮੇਂ ਵਿੱਚ ਦੂਸਰਿਆਂ ਦੀ ਮਦਦ ਕਰਨਾ ਹੀ ਸਭ ਤੋਂ ਚੰਗਾ ਕੰਮ ਹੈ।

# ਕੋਰੋਨਾ ਟੈਸਟ ਕਰਾਉਣ ਦੀ ਸ਼ਰਤ ਰੱਖਣ ਨਾਲ ਰਿਸ਼ਤਾ ਟੁੱਟਿਆ

ਬਿਲਾਸਪੁਰ, 13 ਅਪ੍ਰੈਲ (ਪੋਸਟ ਬਿਊਰੋ)- ਪੰਡਿਤ ਨੇ ਲੜਕਾ ਅਤੇ ਲੜਕੀ ਦੀ ਕੁੰਡਲੀ ਮਿਲਾ ਕੇ ਰਿਸ਼ਤਾ ਤੈਅ ਕਰਵਾ ਦਿੱਤਾ ਸੀ, ਮੰਗਣੀ ਦੀ ਰਸਮ ਵੀ ਪੂਰੀ ਹੋ ਗਈ, ਪਰ ਇਸੇ ਦੌਰਾਨ ਕੋਰੋਨਾ ਦੀ ਮਰਜ਼ ਸ਼ੁਰੂ ਹੋਣ ਨਾਲ ਲੜਕੀ ਵਾਲਿਆਂ ਨੇ ਸ਼ਰਤ ਰੱਖ ਦਿੱਤੀ ਕਿ ਪਹਿਲਾਂ ਲੜਕੇ ਦਾ ਕੋਰੋਨਾ ਟੈਸਟ ਕਰਾਉਣ, ਫਿਰ ਬਰਾਤ ਲੈ ਕੇ ਆਉਣ। ਇਸ ਸ਼ਰਤ ਨੇ ਦੋਵਾਂ ਪਰਵਾਰਾਂ ਦੇ ਵਿੱਚ ਝਗੜਾ ਪੈਦਾ ਕਰ ਦਿੱਤਾ ਤੇ ਰਿਸ਼ਤਾ ਟੁੱਟ ਗਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਜਾਂਜਗੀਰ-ਚਾਂਪਾ ਦਾ ਮੂਲ ਵਾਸੀ ਤਿਵਾੜੀ ਪਰਵਾਰ ਬਿਲਾਸਪੁਰ ਵਿੱਚ ਹੀ ਰਹਿੰਦਾ ਹੈ। ਅਪ੍ਰੈਲ ਵਿੱਚ ਵਿਆਹ ਦੀ ਤਰੀਕ ਤੈਅ ਹੋ ਗਈ, ਪਰ ਤਿਵਾੜੀ ਪਰਵਾਰ ਦੇ ਮੈਂਬਰਾਂ ਨੇ ਲੜਕੇ ਵਾਲਿਆਂ ਅੱਗੇ ਇਹ ਸ਼ਰਤ ਰੱਖੀ ਕਿ ਲੜਕੇ ਨੂੰ ਪਹਿਲਾਂ ਕੋਰੋਨਾ ਟੈਸਟ ਕਰਾਉਣਾ ਹੋਵੇਗਾ ਤੇ ਟੈਸਟ ਰਿਪੋਰਟ ਦੇਣੀ ਹੋਵੇਗੀ ਤਦ ਵਿਆਹ ਦੀ ਤਰੀਕ ਮਿਲ ਬੈਠ ਕੇ ਤੈਅ ਕਰਨਗੇ। ਕੋਰੋਨਾ ਟੈਸਟ ਦੇ ਲਈ ਨਾ ਲਾੜਾ, ਜੋ ਐੱਨ ਟੀ ਪੀ ਸੀ ਕਰਮਚਾਰੀ ਤਕਨੀਕੀ ਸਹਾਇਕ ਹੈ ਤਿਆਰ ਸੀ ਅਤੇ ਨਾ ਪਰਵਾਰ ਦੇ ਮੈਂਬਰ। ਕੋਰੋਨਾ ਦੇ ਕਾਰਨ ਇਹ ਰਿਸ਼ਤਾ ਟੁੱਟ ਗਿਆ।

# ਸਮੁੰਦਰੀ ਲਾਲ ਕਾਈ ਕੋਰੋਨਾ ਵਾਇਰਸ ਨੂੰ ਫੈਲਣ ਤੋਂ ਰੋਕੇਗੀ

ਨਵੀਂ ਦਿੱਲੀ, 13 ਅਪ੍ਰੈਲ (ਪੋਸਟ ਬਿਊਰੋ)- ਕੋਰੋਨਾ ਵਾਇਰਸ ਨੂੰ ਠੀਕ ਕਰਨ ਦਾ ਇਲਾਜ ਹਾਲੇ ਚਾਹੇ ਦੁਨੀਆ ਨੂੰ ਨਾ ਮਿਲਿਆ ਹੋਵੇ, ਪਰ ਇੱਕ ਅਜਿਹੀ ਖੋਜ ਹੋਈ ਹੈ ਜਿਸ ਨਾਲ ਕੋਰੋਨਾ ਨੂੰ ਫੈਲਣ ਤੋਂ ਰੋਕਣ ਵਿੱਚ ਮਦਦ ਮਿਲ ਸਕਦੀ ਹੈ। ਇਹ ਚਮਤਕਾਰੀ ਚੀਜ਼ ਸਮੁੰਦਰ ਦੇ ਅੰਦਰ ਮਿਲੀ ਹੈ।

ਰਿਲਾਇੰਸ ਕੰਪਨੀ ਦਾ ਦਾਅਵਾ ਹੈ ਕਿ ਸਮੁੰਦਰ ਵਿੱਚ ਪਾਈ ਜਾਣ ਵਾਲੀ ਲਾਲ ਕਾਈ ਦੀ ਮਦਦ ਨਾਲ ਕੋਰੋਨਾ ਨੂੰ ਫੈਲਣ ਤੋਂ ਰੋਕਿਆ ਜਾ ਸਕਦਾ ਹੈ। ਇਸ ਕੰਪਨੀ ਦੀ ਸਟੱਡੀ ਮੁਤਾਬਕ ਲਾਲ ਕਾਈ 'ਚੋਂ ਬਾਇਓ ਕੈਮੀਕਲ ਨਿਕਲੇਗਾ, ਉਸ ਦੀ ਮਦਦ ਨਾਲ ਕੋਟਿੰਗ ਪਾਊਡਰ ਬਣਾਇਆ ਜਾ ਸਕਦਾ ਹੈ। ਉਸ ਕੋਟਿੰਗ ਨੂੰ ਜੇ ਸੈਨੇਟਰੀ ਆਈਟਮਜ਼ 'ਤੇ ਕੀਤਾ ਜਾਵੇ ਤਾਂ ਕੋਰੋਨਾ ਨਹੀਂ ਫੈਲ ਸਕੇਗਾ। ਸੈਨੇਟਰੀ ਦੇ ਸਾਮਾਨ ਵਿੱਚ ਟੈਂਕੀ, ਸਿੰਕ, ਟਾਇਲੈਟ ਸੀਟ ਵਰਗੀਆਂ ਸਭ ਚੀਜ਼ਾਂ ਆ ਜਾਂਦੀਆਂ ਹਨ। ਕੋਰੋਨਾ ਵਾਇਰਸ ਦੇ ਕਾਰਨ ਦੁਨੀਆ ਵਿੱਚ ਇੱਕ ਲੱਖ ਤੋਂ ਜ਼ਿਆਦਾ ਜਾਨਾਂ ਜਾ ਚੁੱਕੀਆਂ ਹਨ। ਫਿਲਹਾਲ ਦੁਨੀਆਂ ਭਰ ਦੇ ਡਾਕਟਰ, ਖੋਜਕਰਤਾ ਇਸ ਦਾ ਇਲਾਜ ਲੱਭਣ ਵਿੱਚ ਲੱਗੇ ਹਨ। ਇਹ ਖੋਜ ਮੁੱਖ ਤੌਰ 'ਤੇ ਕੈਰੀਗੀਰਿਨ 'ਤੇ ਹੋਈ ਹੈ। ਕੈਰੀਗੀਰਿਨ ਸਮੁੰਦਰੀ ਕਾਈ ਦੀ ਕਿਸਮ ਹੈ ਜਿਸ ਨੂੰ ਖਾਣ ਵਿੱਚ ਵਰਤਿਆ ਜਾਂਦਾ ਰਿਹਾ ਹੈ। ਖੋਜ ਵਿੱਚ ਪਾਇਆ ਗਿਆ ਕਿ ਕੈਰੀਗੀਰਿਨ ਕਈ ਤਰ੍ਹਾਂ ਦੇ ਵਾਇਰਸਾਂ ਨੂੰ ਰੋਕਣ ਦਾ ਕੰਮ ਕਰਦੀ ਹੈ।



# ਚੀਨ ਦੇ ਕੇਂਦਰੀ ਬੈਂਕ ਨੇ ਐੱਚ ਡੀ ਐੱਫ ਸੀ ਵਿੱਚ ਆਪਣੇ ਹਿੱਸੇ ਹੋਰ ਵਧਾ ਲਏ

ਮੁੰਬਈ, 13 ਅਪ੍ਰੈਲ (ਪੋਸਟ ਬਿਊਰੋ)- ਜਦੋਂ ਦੁਨੀਆ ਦੀਆਂ ਪ੍ਰਮੁੱਖ ਕੰਪਨੀਆਂ ਚੀਨ ਤੋਂ ਹੱਥ ਖਿੱਚ ਰਹੀਆਂ ਹਨ ਅਤੇ ਨਿਵੇਸ਼ਕ ਉਸ ਤੋਂ ਦੂਰ ਭੱਜ ਰਹੇ ਜਾਪਦੇ ਹਨ, ਓਥੋਂ ਦੇ ਕੇਂਦਰੀ ਪੀਪੁਲਸ ਬੈਂਕ ਆਫ ਚਾਈਨਾ (ਪੀ ਬੀ ਸੀ) ਨੇ ਭਾਰਤ ਵਿੱਚ ਜਾਇਦਾਦ ਦੇ ਬਦਲੇ ਕਰਜ਼ਾ ਦੇਣ ਵਾਲੀ ਐੱਚ ਡੀ ਐੱਫ ਸੀ ਲਿਮਟਿਡ ਵਿੱਚ ਹਿੱਸੇਦਾਰੀ ਇੱਕ ਫੀਸਦੀ ਤੋਂ ਵੱਧ ਕਰ ਲਈ ਹੈ। ਸ਼ੇਅਰ ਬਾਜ਼ਾਰਾਂ ਨੂੰ ਦਿੱਤੀ ਜਾਣਕਾਰੀ ਵਿੱਚ ਐੱਚ ਡੀ ਐੱਫ ਸੀ ਨੇ ਦੱਸਿਆ ਕਿ 31 ਮਾਰਚ ਨੂੰ ਚੀਨ ਦੇ ਕੇਂਦਰੀ ਬੈਂਕ ਦੀ ਹਿੱਸੇਦਾਰੀ 1,74,92,909 ਸ਼ੇਅਰਾਂ ਦੇ ਨਾਲ 1.01 ਫੀਸਦੀ 'ਤੇ ਜਾ ਪਹੁੰਚੀ ਹੈ।




ਪਿਛਲੇ ਦੋ ਮਹੀਨਿਆਂ ਦੌਰਾਨ ਕੋਰੋਨਾ ਸੰਕਟ ਦੇ ਕਾਰਨ ਸ਼ੇਅਰ ਬਾਜ਼ਾਰ ਇੱਕ-ਚੌਥਾਈ ਤੋਂ ਵੱਧ ਡਿੱਗ ਚੁੱਕੇ ਹਨ ਤੇ ਇਸੇ ਸਮੇਂ ਵਿੱਚ ਕਈ ਨਿਵੇਸ਼ਕਾਂ ਨੇ ਪਸੰਦੀਦਾ ਸਟਾਕਸ ਦੀ ਖੂਬ ਖਰੀਦ ਕੀਤੀ ਹੈ। ਮਿਲੀ ਜਾਣਕਾਰੀ ਮੁਤਾਬਕ ਪੀ ਬੀ ਸੀ ਨੇ ਇਸੇ ਮਿਆਦ ਵਿੱਚ ਐੱਚ ਡੀ ਐੱਫ ਸੀ ਵਿੱਚ ਹਿੱਸੇਦਾਰੀ ਵਧਾਈ ਹੈ। ਅਜੇ ਇਹ ਪਤਾ ਨਹੀਂ ਲੱਗ ਸਕਿਆ ਕਿ ਪੀ ਬੀ ਸੀ ਨੇ ਕਿਸ ਕੀਮਤ ਉਤੇ ਨਵੇਂ ਸ਼ੇਅਰ ਖਰੀਦੇ ਹਨ। ਬੀਤੇ ਸਾਲ ਦੀ ਆਖਰੀ ਤਿਮਾਹੀ ਵਿੱਚ ਐੱਚ ਡੀ ਐੱਫ ਸੀ ਦੀ ਸ਼ੇਅਰ ਕੀਮਤ ਕਰੀਬ 33 ਫੀਸਦੀ ਟੁੱਟ ਚੁੱਕੀ ਹੈ। ਇਸ ਸਾਲ ਪਹਿਲੀ ਜਨਵਰੀ ਨੂੰ ਇਸ ਕੰਪਨੀ ਦੇ ਸ਼ੇਅਰਾਂ ਦਾ ਭਾਅ 2,433.75 ਰੁਪਏ ਸੀ, ਜੋ 31 ਮਾਰਚ ਨੂੰ 1,630.45 ਰੁਪਏ ਰਹਿ ਗਿਆ। ਇਸ ਬਾਰੇ ਐੱਚ ਡੀ ਐੱਫ ਸੀ ਦੇ ਵਾਈਸ ਚੇਅਰਮੈਨ ਅਤੇ ਸੀ ਈ ਓ, ਕੇ ਕੇ ਮਿਸਤਰੀ ਦਾ ਕਹਿਣਾ ਸੀ ਕਿ ਐੱਚ ਡੀ ਐੱਫ ਸੀ ਵਿੱਚ ਪੀ ਬੀ ਸੀ ਦਾ ਨਿਵੇਸ਼ ਕੋਈ ਨਵੀਂ ਗੱਲ ਨਹੀਂ। ਪੀ ਬੀ ਸੀ ਪਹਿਲਾਂ ਤੋਂ ਐੱਚ ਡੀ ਐੱਫ ਸੀ ਦਾ ਸ਼ੇਅਰ ਹੋਲਡਰ ਸੀ, ਪਰ ਹਿੱਸੇਦਾਰੀ ਇੱਕ ਫੀਸਦੀ ਤੋਂ ਘੱਟ ਹੋਣ ਕਾਰਨ ਹਾਲੇ ਤੱਕ ਸ਼ੇਅਰ ਧਾਰਕਾਂ ਦੀ ਸੂਚੀ ਵਿੱਚ ਉਸ ਦੇ ਜ਼ਿਕਰ ਦੀ ਰੋਕ ਨਹੀਂ ਸੀ। ਪਿਛਲੀ ਤਿਮਾਹੀ ਦੇ ਆਖਿਰ ਵਿੱਚ ਉਸ ਦੀ ਹਿੱਸੇਦਾਰੀ ਇੱਕ ਫੀਸਦੀ ਤੋਂ ਉਤੇ ਹੋ ਜਾਣ ਕਾਰਨ ਸ਼ੇਅਰ ਧਾਰਕਾਂ ਦੀ ਸੂਚੀ ਵਿੱਚ ਉਸ ਦਾ ਨਾਂਅ ਜਾਹਿਰ ਕੀਤਾ ਗਿਆ ਹੈ। ਉਨ੍ਹਾਂ ਦੇ ਮੁਤਾਬਕ ਪਿਛਲੇ ਸਾਲ ਮਾਰਚ ਦੇ ਆਖਰ ਵਿੱਚ ਐੱਚ ਡੀ ਐੱਫ ਸੀ ਵਿੱਚ ਪੀ ਬੀ ਸੀ ਦੀ 0.80 ਫੀਸਦੀ ਹਿੱਸੇਦਾਰੀ ਸੀ।

# ਲਾੜੀ ਲੈਣ ਆਈ ਬਾਰਾਤ ਲਾੜੇ ਸਣੇ ਲੌਕਡਾਊਨ ਵਿੱਚ ਫਸ ਗਈ

ਅਲੀਗੜ੍ਹ, 13 ਅਪ੍ਰੈਲ (ਪੋਸਟ ਬਿਊਰੋ)- ਭਾਰਤ ਵਿੱਚ ਲੱਗੇ ਲੌਕਡਾਊਨ ਕਾਰਨ ਸਾਵਿਤਰੀ ਵਿਆਹੇ ਜਾਣ ਦੇ ਬਾਵਜੂਦ ਤਿੰਨ ਹਫ਼ਤਿਆਂ ਤੋਂ ਸਹੁਰੇ ਘਰ ਨਹੀਂ ਜਾ ਸਕੀ ਕਿਉਂਕਿ ਉਸ ਦੀ ਬਾਰਾਤ ਲਾੜੇ ਸਮੇਤ ਤਿੰਨ ਹਫ਼ਤਿਆਂ ਤੋਂ ਅਲੀਗੜ੍ਹ 'ਚ ਫਸੀ ਹੋਈ ਹੈ। ਬਹੁਤ ਸਾਰੇ ਬਾਰਾਤੀ ਸਬਰ ਛੱਡ ਰਹੇ ਹਨ, ਪਰ ਕੋਈ ਕੁਝ ਨਹੀਂ ਕਰ ਸਰਦਾ ਅਤੇ ਸਾਵਿਤਰੀ ਕੋਲ ਵੀ ਇਸ ਬਾਰੇ ਕਹਿਣ ਲਈ ਕੁਝ ਨਹੀਂ ਹੈ।

ਬਿਧੀਪੁਰ ਪਿੰਡ ਦੇ ਲੋਕਾਂ ਨੇ ਕਿਹਾ ਕਿ ਉਨ੍ਹਾਂ ਨੂੰ ਇਹ ਵਿਆਹ ਕਦੀ ਨਹੀਂ ਭੁੱਲੇਗਾ। ਸਾਵਿਤਰੀ ਦੀ ਬਾਰਾਤ 21 ਮਾਰਚ ਨੂੰ ਆਈ ਤੇ ਉਸ ਨੇ 23 ਮਾਰਚ ਨੂੰ ਝਾਰਖੰਡ ਦੇ ਧਨਬਾਦ ਜ਼ਿਲ੍ਹੇ ਨੂੰ ਵਾਪਸ ਜਾਣਾ ਸੀ ਪਰ ਅਚਾਨਕ ਕੌਮੀ ਪੱਧਰ ਦਾ ਲਾਕਡਾਊਨ ਹੋ ਜਾਣ ਕਾਰਨ ਇਹ ਬਾਰਾਤ ਲਾੜੇ ਤੇ ਲਾੜੀ ਸਮੇਤ ਇਥੇ ਹੀ ਫਸ ਗਈ। ਸਾਵਿਤਰੀ ਦੇ ਪਰਵਾਰ ਵੱਲੋਂ ਮਹਿਮਾਨਾਂ ਦੇ ਰਹਿਣ ਦੇ ਖਾਣ-ਪੀਣ ਦਾ ਬੰਦੋਬਸਤ ਕੀਤਾ ਜਾ ਰਿਹਾ ਹੈ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਇੱਕ ਡੰਗ ਦੀ ਰੋਟੀ ਦੇ ਕੇ ਮਦਦ ਕੀਤੀ ਜਾ ਰਹੀ ਹੈ। 12 ਬਾਰਾਤੀਆਂ ਦੇ ਨਮੂਨੇ ਕੋਰੋਨਾ ਦੀ ਜਾਂਚ ਲਈ ਲਏ ਗਏ ਸਨ ਜੋ ਬਾਅਦ ਵਿੱਚ ਨੈਗੇਟਿਵ ਨਿਕਲੇ ਹਨ। ਪੱਤਰਕਾਰਾਂ ਨੂੰ ਦੱਸਿਆ ਕਿ ਉਨ੍ਹਾਂ ਜਦੋਂ 20 ਮਾਰਚ ਨੂੰ ਘਰ ਛੱਡਿਆ ਸੀ ਤਾਂ ਉਨ੍ਹਾਂ ਨੂੰ ਇਸ ਸੰਕਟ ਦਾ ਜ਼ਰਾ ਜਿੰਨਾ ਵੀ ਅੰਦਾਜ਼ਾ ਨਹੀਂ ਸੀ। ਅਜੇ ਇਹ ਸਪੱਸ਼ਟ ਨਹੀਂ ਕਿ ਸਾਵਿਤਰੀ ਅਤੇ ਉਸ ਦੀ ਬਾਰਾਤ ਧਨਬਾਦ ਕਦੋਂ ਮੁੜੇਗੀ। ਕੌਮੀ ਪੱਧਰੀ ਲਾਕਡਾਊਨ 14 ਅਪ੍ਰੈਲ ਨੂੰ ਖ਼ਤਮ ਹੋ ਰਿਹਾ ਹੈ ਪਰ ਬਹੁਤੇ ਰਾਜਾਂ ਨੇ ਇਸ ਨੂੰ ਵਧਾ ਦਿੱਤਾ ਹੈ।

# ਕੁਪਵਾੜਾ 'ਚ ਕੰਟਰੋਲ ਰੇਖਾ ਉੱਤੇ ਗੋਲੀਬਾਰੀ, ਤਿੰਨ ਨਾਗਰਿਕਾਂ ਦੀ ਮੌਤ

ਸ੍ਰੀਨਗਰ, 13 ਅਪ੍ਰੈਲ (ਪੋਸਟ ਬਿਊਰੋ)- ਕਸ਼ਮੀਰ ਦੇ ਕੁਪਵਾੜਾ ਜ਼ਿਲੇ ਦੇ ਚੌਕੀਬਲ ਖੇਤਰ 'ਚ ਕੰਟਰੋਲ ਰੇਖਾ (ਐੱਲ ਓ ਸੀ) ਕੋਲ ਭਾਰਤ ਅਤੇ ਪਾਕਿਸਤਾਨ ਦੀਆਂ ਫੌਜਾਂ ਦੌਰਾਨ ਭਾਰੀ ਗੋਲੀਬਾਰੀ ਹੋਈ ਹੈ।

ਜਾਣਕਾਰ ਸੂਤਰਾਂ ਮੁਤਾਬਕ ਰਿਹਾਇਸ਼ੀ ਖੇਤਰਾਂ 'ਚ ਇੱਕ ਮੋਰਟਾਰ ਸ਼ੈਲ ਡਿੱਗਣ ਤੋਂ ਬਾਅਦ ਇੱਕ ਬੱਚੇ ਅਤੇ ਇੱਕ ਔਰਤ ਸਮੇਤ ਤਿੰਨ ਨਾਗਰਿਕਾਂ ਦੀ ਮੌਤ ਹੋ ਗਈ। ਇਨ੍ਹਾਂ ਸੂਤਰਾਂ ਨੇ ਕਿਹਾ ਕਿ ਭਾਰੀ ਗੋਲੀਬਾਰੀ ਕਾਰਨ ਦੋ ਘਰ ਨੁਕਸਾਨੇ ਗਏ। ਸ਼ੈਲ ਵਾਹਨਾਂ 'ਤੇ ਵੀ ਡਿੱਗੇ, ਜਿਸ ਨਾਲ ਅੱਗ ਭੜਕ ਉਠੀ। ਜ਼ਿਆਦਾਤਰ ਸਥਾਨਕ ਲੋਕ ਸੁਰੱਖਿਅਤ ਥਾਵਾਂ ਵੱਲ ਚਲੇ ਗਏ ਹਨ। ਪਾਕਿ ਫੌਜ ਨੇ ਕੱਲ੍ਹ ਦੁਪਹਿਰ ਭਾਰਤ-ਪਾਕਿ ਕੰਟਰੋਲ ਰੇਖਾ ਸਥਿਤ ਕਸਬਾ ਅਤੇ ਕੇਰੇਨੀ ਸੈਕਟਰ ਵਿੱਚ ਬੇਵਜ੍ਹਾ ਗੋਲੀਬਾਰੀ ਕਰ ਕੇ ਭਾਰਤੀ ਫੌਜ ਦੀਆਂ ਮੋਹਰਲੀਆਂ ਚੌਕੀਆਂ ਨੂੰ ਨਿਸ਼ਾਨਾ ਬਣਾਇਆ। ਇਸ ਦਾ ਭਾਰਤੀ ਫੌਜ ਨੇ ਜਵਾਬ ਦੇਣਾ ਸ਼ੁਰੂ ਕੀਤਾ, ਜਿਸ ਤੋਂ ਬਾਅਦ ਪਾਕਿਸਤਾਨ ਫੌਜ ਨੇ ਰਿਹਾਇਸ਼ੀ ਇਲਾਕਿਆਂ ਨੂੰ ਨਿਸ਼ਾਨਾ ਬਣਾਇਆ। ਪਾਕਿ ਵੱਲੋਂ ਕੀਤੀ ਰਿਹਾਇਸ਼ੀ ਖੇਤਰਾਂ ਵਿੱਚ ਗੋਲੀਬਾਰੀ ਦੌਰਨ ਇੱਕ ਮੋਰਟਾਰ ਸ਼ੈਲ ਇਲਾਕੇ ਵਿੱਚ ਗੋਲੀਬਾਰੀ ਦੌਰਾਨ ਇੱਕ ਮੋਰਟਾਰ ਸ਼ੈਲ ਇਲਾਕੇ ਵਿੱਚ ਇੱਕ ਘਰ ਦੇ ਕੋਲ ਆ ਕੇ ਡਿੱਗਿਆ, ਜਿਸ ਦੀ ਲਪੇਟ ਵਿੱਚ ਆ ਕੇ ਮੁਹੰਮਦ ਸ਼ੌਕਤ ਹੁਸੈਨ ਪੁੱਤਰ ਜਲਾਲਦੀਨ ਜ਼ਖਮੀ ਹੋ ਗਿਆ।

ਪੁਣਛ ਜ਼ਿਲੇ ਦੇ ਬਾਲਾਕੋਟ ਅਤੇ ਮੇਂਢਰ ਸੈਕਟਰ ਵਿੱਚ ਫੌਜ ਨੇ ਸ਼ਨੀਵਾਰ ਰਾਤ ਲਗਭਗ ਸਾਢੇ ਨੌਂ ਵਜੇ ਕੰਟਰੋਲ ਰੇਖਾ 'ਤੇ ਹੈਵੀ ਮੋਰਟਾਸ ਸ਼ੈਲ ਦੇ ਨਾਲ ਗੋਲੀਬਾਰੀ ਵੀ ਕੀਤੀ, ਜਿਸ ਨਾਲ ਇੱਕ ਔਰਤ ਜ਼ਖਮੀ ਹੋ ਗਈ, ਜਿਸ ਦੀ ਪਛਾਣ ਸਲੀਮਾ (45) ਪਤਨੀ ਅਬਦੁਲ ਮਜੀਦ ਵਾਸੀ ਦੇਰੀ ਲਗਯੋਦ ਦੇ ਤੌਰ 'ਤੇ ਹੋਈ।




# ਕਾਮਿਆਂ ਦੀ ਲੋੜ

ਫਾਰਮ ਵਿੱਚ ਕੰਮ ਕਰਨ ਲਈ ਕਾਮਿਆ ਦੀ ਤੁਰੰਤ ਜਰੂਰਤ ਹੈ। Pickup ਅਤੇ Drop off ਦੀ ਵੀ ਪੂਰਾ ਪ੍ਰਬੰਧ ਹੈ।

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:

ਸੂਬੇਦਾਰ ਜਾਂ ਅਵਤਾਰ ਸਿੰਘ

**647-400-0060**

# ਹੈਲਪਰ ਦੀ ਲੋੜ ਹੈ



Construction Company

FULL TIME WORK

416-618-3358 | 905-789-7783

ਜਾਂ ਫਿਰ ਈਮੇਲ ਕਰੋ: northyorkkitchen@gmail.com

# ਨਿਊ ਯਾਰਕ ਵਿੱਚ ਇੱਕ ਮੁਲਾਜ਼ਮ ਨੇ ਗਲਤੀ ਨਾਲ ਜ਼ਿੰਦਾ ਸਾਥੀ ਦਾ ਅੰਤਿਮ ਸਸਕਾਰ ਕਰ ਦਿੱਤਾ



ਨਿਊ ਯਾਰਕ, 13 ਅਪ੍ਰੈਲ (ਪੋਸਟ ਬਿਊਰੋ)- ਨਿਊ ਯਾਰਕ 'ਚ ਹਾਲਾਤ ਇੰਨੇ ਭਿਆਨਕ ਹੋ ਚੁੱਕੇ ਹਨ ਕਿ ਮੁਰਦਾ ਘਰਾਂ ਵਿੱਚ ਲਾਸ਼ਾਂ ਦੇ ਪਹਾੜ ਲੱਗੇ ਹੋਏ ਹਨ, ਜਿਨ੍ਹਾਂ ਦੇ ਅੰਤਿਮ ਸਸਕਾਰ ਲਈ ਮੁਰਦਾ ਘਰਾਂ ਦੇ ਕਾਮੇ ਦਿਨ ਰਾਤ ਕੰਮ ਕਰ ਰਹੇ ਹਨ। ਇਸ ਦੌਰਾਨ ਨਿਊ ਯਾਰਕ ਦੇ ਮੁਰਦਾ ਘਰ ਦੀ ਇੱਕ ਅਜੀਬ ਘਟਨਾ ਨੇ ਦਹਿਲਾ ਕੇ ਰੱਖ ਦਿੱਤਾ ਹੈ।

ਮੁਰਦਾ ਘਰ ਵਿੱਚ ਇੱਕ ਥੱਕੇ ਹੋਏ ਕਰਮਚਾਰੀ ਨੂੰ ਨੀਂਦ ਦੀ ਝਪਕੀ ਲੈਣ ਕਾਰਨ ਆਪਣੀ ਜਾਨ ਦੇਣੀ ਪਈ ਹੈ। ਉਸ ਦੇ ਇੱਕ ਸਾਥੀ ਕਰਮਚਾਰੀ ਨੇ ਗਲਤੀ ਨਾਲ ਉਸ ਦਾ ਅੰਤਿਮ ਸਸਕਾਰ ਵੀ ਕਰ ਦਿੱਤਾ। ਪੁਲਸ ਅਨੁਸਾਰ ਮਾਈਕਲ ਜੋਨਸ (48) ਨੇ 16 ਘੰਟਿਆਂ ਤੱਕ ਲਗਾਤਾਰ ਕੰਮ ਦੇ ਬਾਅਦ ਥੋੜ੍ਹੀ ਨੀਂਦ ਲੈਣ ਦਾ ਫੈਸਲਾ ਕੀਤਾ। ਮਾਈਕਲ ਜੋਨਸ ਕੁਝ ਦੇਰ ਆਰਾਮ ਕਰਨ ਲਈ ਲੇਟੇ ਤੇ ਉਨ੍ਹਾਂ ਦੀ ਅੱਖ ਲੱਗ ਗਈ ਤਾਂ ਇੱਕ ਸਾਥੀ ਕਾਰਿੰਦੇ ਨੇ ਉਨ੍ਹਾਂ ਨੂੰ ਗਲਤੀ ਨਾਲ ਕੋਰੋਨਾ ਮਰੀਜ਼ ਦੀ ਲਾਸ਼ ਸਮਝ ਲਿਆ ਅਤੇ ਸ਼ਮਸ਼ਾਨ ਦੀ ਦਾਹ ਸਸਕਾਰ ਭੱਠੀ ਤੱਕ ਲੈ ਗਿਆ ਇਸ ਤੋਂ ਪਹਿਲਾਂ ਕਿ ਕੋਈ ਇਸ ਗਲਤੀ ਨੂੰ ਨੋਟਿਸ ਕਰਦਾ, ਸਾਥੀ ਕਰਮਚਾਰੀ ਨੇ ਸੁੱਤੇ ਹੋਏ ਜੋਨਸ ਨੂੰ ਪਹਿਲਾਂ ਤੋਂ ਹੀ 1400 ਤੋਂ 1800 ਡਿਗਰੀ ਫਾਰਨ ਹੀਟ ਦੇ ਤਾਪਮਾਨ ਵਾਲੇ ਦਾਹ ਸਸਕਾਰ ਵਾਲੇ ਬਾਕਸ ਵਿੱਚ ਧਕੇਲ ਦਿੱਤਾ, ਜਿਸ ਨਾਲ ਜ਼ਿੰਦਾ ਜੋਨਸ ਦਾ ਸਰੀਰ ਪਲਾਂ ਵਿੱਚ ਹੀ ਸੁਆਹ ਹੋ ਗਿਆ। ਉਸ ਦੇ ਸਾਥੀ ਕਰਮਚਾਰੀਆਂ 'ਚੋਂ ਇੱਕ ਜੈਨਾ ਐਂਡਰਸਨਸ ਦਾ ਕਹਿਣਾ ਹੈ ਕਿ ਬਾਕਸ ਵਿੱਚ ਸੁੱਟਣ ਤੋਂ ਬਾਅਦ ਉਨ੍ਹਾਂ ਨੂੰ ਲਗਭਗ ਚੀਕਦੇ ਸੁਣਿਆ ਗਿਆ। ਜੇਨੇ ਅਨੁਸਾਰ ਪਹਿਲਾਂ ਸਾਨੂੰ ਸਮਝ ਨਹੀਂ ਆਇਆ ਕਿ ਚੀਕਣ ਦੀ ਆਵਾਜ਼ ਕਿੱਥੋਂ ਆ ਰਹੀ ਹੈ। ਜਦ ਸਾਨੂੰ ਇਸ ਦਾ ਅਹਿਸਾਸ ਹੋਇਆ ਕਿ ਕੀ ਹੋ ਰਿਹਾ, ਉਦੋਂ ਤੱਕ ਬਹੁਤ ਦੇਰ ਹੋ ਚੁੱਕੀ ਸੀ। ਅਸੀਂ ਹੀਟਿੰਗ ਸਿਸਟਮ ਨੂੰ ਬੰਦ ਕਰ ਦਿੱਤਾ, ਪਰ ਉਦੋਂ ਤੱਕ ਜੋਨਸ ਦੀ ਮੌਤ ਹੋ ਚੁੱਕੀ ਸੀ।

# ਇਟਲੀ ਵਿੱਚ ਮੌਤ ਤੋਂ ਬੇਪ੍ਰਵਾਹ ਸਿੱਖ ਨੌਜਵਾਨ ਕੋਰੋਨਾ ਰੋਗੀਆਂ ਦੀ ਨਿਸ਼ਕਾਮ ਸੇਵਾ ਕਰ ਰਿਹੈ



ਰੋਮ (ਇਟਲੀ), 13 ਅਪ੍ਰੈਲ (ਪੋਸਟ ਬਿਊਰੋ)- ਇਤਿਹਾਸ ਗਵਾਹ ਹੈ ਕਿ ਗੁਰੂ ਦਾ ਸਿੱਖ ਮਜ਼ਲੂਮਾਂ ਅਤੇ ਲੋੜਵੰਦਾਂ ਦੀ ਮਦਦ ਲਈ ਮੌਤ ਤੋਂ ਬੇਪ੍ਰਵਾਹ ਹੋ ਕੇ ਸਦਾ ਹੀ ਨਿਰਸੁਆਰਥ ਅੱਗੇ ਰਿਹਾ ਹੈ। ਇਹੀ ਮਾਣਮੱਤੀ ਮਿਸਾਲ ਪੰਜਾਬ ਦਾ ਇੱਕ ਸਿੱਖ ਨੌਜਵਾਨ ਇਟਲੀ ਵਿੱਚ ਪੇਸ਼ ਕਰ ਰਿਹਾ ਹੈ।

ਬਿਕਰਮਜੀਤ ਸਿੰਘ ਵਿੱਕੀ, ਜੋ ਇਟਲੀ ਦੇ ਜ਼ਿਲਾ ਮੋਦਨਾ ਦੇ ਸ਼ਹਿਰ ਮੋਤਾ ਵਿੱਚ ਰਹਿੰਦਾ ਹੈ, ਉਥੇ ਚੱਲਦੇ ਕੋਰੋਨਾ ਦੇ ਸੰਕਟ ਦਰਮਿਆਨ ਇਟਲੀ ਦੇ ਪੁਲਸ ਪ੍ਰਸ਼ਾਸਨ, ਮਿਊਂਸਪਲ ਕਮੇਟੀ ਅਤੇ ਡਾਕਟਰੀ ਟੀਮ ਨਾਲ ਮੋਹਰੇ ਹੋ ਕੇ ਸਮੁੱਚੇ ਭਾਈਚਾਰੇ ਦੀ ਬਿਨਾ ਕਿਸੇ ਖੌਫ ਤੋਂ ਨਿਸ਼ਕਾਮ ਸੇਵਾ ਨਿਭਾ ਰਿਹਾ ਹੈ। ਇਟਾਲੀਅਨ ਲੋਕ ਜਿੱਥੇ ਇਸ ਪੰਜਾਬੀ ਨੌਜਵਾਨ ਨੂੰ ਸਲੂਟ ਕਰ ਰਹੇ ਹਨ ਉਥੇ ਹੀ ਦਿਲ ਦੀਆਂ ਡੂੰਘਾਈਆਂ ਤੋਂ ਇਸ ਸਿੱਖ ਦਾ ਸਤਿਕਾਰ ਵੀ ਕਰ ਰਹੇ ਹਨ। ਬਿਕਰਮਜੀਤ ਸਿੰਘ ਨੇ ਦੱਸਿਆ ਕਿ ਉਹ ਇਟਲੀ ਵਿੱਚ ਕੋਰੋਨਾ ਵਾਇਰਸ ਕਾਰਨ ਮੌਤ ਦੇ ਮੂੰਹ 'ਚ ਜਾ ਰਹੇ ਲੋਕਾਂ ਦੀਆਂ ਮ੍ਰਿਤਕਾਂ ਦੇਹਾਂ ਦੇ ਅੰਤਿਮ ਸਸਕਾਰ ਲਈ ਇਟਾਲੀਅਨ ਅਮਲੇ ਨਾਲ ਰਹਿ ਕੇ ਸੇਵਾ ਕਰਦਾ ਹੈ। ਉਸ ਨੇ ਦੱਸਿਆ ਕਿ ਸੂਬੇ ਵਿੱਚ ਕੋਰੋਨਾ ਨਾਲ ਮਾਰੇ ਗਏ ਅਨੇਕਾਂ ਲੋਕਾਂ ਦੇ ਅੰਤਿਮ ਰਸਮਾਂ ਅਤੇ ਉਨ੍ਹਾਂ ਨੂੰ ਮ੍ਰਿਤਕ ਦੇਹਾਂ ਨੂੰ ਫੌਜ ਦੀਆਂ ਗੱਡੀਆਂ ਵਿੱਚ ਰੱਖਣ ਮੌਕੇ ਵੀ ਐਮਰਜੈਂਸੀ ਦੌਰਾਨ ਕਿਸੇ ਮਰੀਜ਼ ਨੂੰ ਕਿਸੇ ਵੱਡੇ ਹਸਪਤਾਲ ਲੈ ਕੇ ਜਾਣਾ ਹੁੰਦਾ ਤਾਂ ਉਹ ਬਿਨਾਂ ਕਿਸੇ ਦੇਰੀ ਕੀਤਿਆਂ ਹੈਲੀਕਾਪਟਰ ਚਲਾਉਣ ਦੀ ਸੇਵਾ ਵੀ ਕਰਦਾ ਹੈ।

# 156 ਯਾਤਰੀਆਂ ਵਾਲੇ ਸਮੁੰਦਰੀ ਜਹਾਜ਼ ਨੂੰ ਇਟਲੀ 'ਚ ਦਾਖ਼ਲ ਹੋਣ ਤੋਂ ਰੋਕਿਆ ਗਿਆ

ਵੀਨਸ (ਇਟਲੀ), 13 ਅਪ੍ਰੈਲ (ਪੋਸਟ ਬਿਊਰੋ)- ਇਟਲੀ 'ਚ ਫੈਲੇ ਕੋਰੋਨਾ ਵਾਇਰਸ ਦੇ ਕਾਰਨ ਬਾਹਰੋਂ ਕਿਸੇ ਵੀ ਵਿਅਕਤੀ ਦੇ ਦੇਸ਼ ਵਿੱਚ ਦਾਖ਼ਲ ਹੋਣ 'ਤੇ ਪਾਬੰਦੀ ਹੈ। ਕੱਲ੍ਹ ਇਟਲੀ ਸਮੁੰਦਰੀ ਤੱਟ 'ਤੇ ਇਟਲੀ ਦੇ ਸਮੁੰਦਰੀ ਫੌਜੀਆਂ ਨੇ ਇੱਕ ਸਮੁੰਦਰੀ ਜਹਾਜ਼ ਨੂੰ ਦੇਖਿਆ, ਜਿਸ ਵਿੱਚ ਵੱਖ-ਵੱਖ ਦੇਸ਼ਾਂ ਦੇ 156 ਯਾਤਰੀ ਸਨ, ਪਰ ਇਟਲੀ 'ਚ ਚੱਲਦੀ ਕੋਰੋਨਾ ਐਮਰਜੈਂਸੀ ਕਾਰਨ ਅਧਿਕਾਰੀਆਂ ਨੇ ਇਸ ਜਹਾਜ਼ ਨੂੰ ਇਟਲੀ 'ਚ ਦਾਖਲ ਹੋਣ ਤੋਂ ਮਨ੍ਹਾ ਕਰ ਦਿੱਤਾ। ਇਸ ਤਰ੍ਹਾਂ ਇਹ ਸਾਰੇ ਮੁਸਾਫ਼ਰ ਮੁਸ਼ਕਲ ਵਿੱਚ ਘਿਰ ਗਏ ਹਨ। ਭਾਵੇਂ ਇਸ ਜਹਾਜ਼ ਦੇ ਏਜੰਟ ਦੀ ਪਛਾਣ ਨਹੀਂ ਹੋ ਸਕੀ ਅਤੇ ਨਾ ਇਸ ਦੇ ਚੱਲਣ ਵਾਲੀ ਬੰਦਰਗਾਹ ਦਾ ਪਤਾ ਲੱਗ ਸਕਿਆ ਹੈ, ਪਰ ਇਸ ਜਹਾਜ਼ ਦੇ ਇੱਕ ਹਿੱਸੇ 'ਤੇ ਜਹਾਜ਼ ਦਾ ਨਾਂਅ 'ਆਲਾਨ ਕੁਰਦੀ' ਲਿਖਿਆ ਹੈ। ਇਸ ਤੋਂ ਜਹਾਜ਼ ਦੇ ਕਿਸੇ ਅਰਬ ਦੇਸ਼ ਤੋਂ ਆਉਣ ਦਾ ਅਨੁਮਾਨ ਲਾਇਆ ਜਾ ਰਿਹਾ ਹੈ। ਵਰਨਣ ਯੋਗ ਹੈ ਕਿ ਇਟਲੀ ਦੇ ਇਸ ਸਚੀਲੀਆ ਸਮੁੰਦਰੀ ਤੱਟ ਰਾਹੀਂ ਵੱਡੀ ਪੱਧਰ ਗ਼ੈਰਕਾਨੂੰਨੀ ਵਿਦੇਸ਼ੀ ਵਿਅਕਤੀ ਇਟਲੀ 'ਚ ਘੁਸਪੈਠ ਕਰਦੇ ਰਹੇ ਹਨ। ਇਟਲੀ 'ਚ ਇਨ੍ਹਾਂ ਗ਼ੈਰ ਕਾਨੂੰਨੀ ਵਿਦੇਸ਼ੀ ਨਾਗਰਿਕਾਂ ਦੀ ਵਧਦੀ ਆਮਦ ਦੇ ਕਾਰਨ ਸਰਕਾਰ ਵੱਲੋਂ ਬਹੁਤ ਸਖ਼ਤੀ ਵਧਾ ਦਿੱਤੀ ਗਈ ਹੈ ਅਤੇ ਇਸ ਘੁਸਪੈਠ 'ਤੇ ਮੁਕੰਮਲ ਰੋਕ ਵੀ ਲਗਾ ਦਿੱਤੀ ਗਈ ਹੈ। ਇਹ ਵੀ ਦੱਸਣਯੋਗ ਹੈ ਕਿ ਇਹ ਸਮੁੰਦਰੀ ਤੱਟ ਕਿਸੇ ਸਮੇਂ ਮਾਫ਼ੀਏ ਦਾ ਸਭ ਤੋਂ ਵੱਡਾ ਕੇਂਦਰ ਵੀ ਜਾਣਿਆ ਜਾਂਦਾ ਰਿਹਾ ਹੈ।

# ਬੰਗ ਬੰਧੂ ਮੁਜੀਬ ਦੇ ਕਾਤਲ ਅਬਦੁਲ ਨੂੰ ਸ਼ਨੀਵਾਰ ਰਾਤ ਫਾਂਸੀ 'ਤੇ ਲਟਕਾ ਦਿੱਤਾ



ਢਾਕਾ, 13 ਅਪ੍ਰੈਲ (ਪੋਸਟ ਬਿਊਰੋ)- ਬੰਗਲਾ ਦੇਸ਼ ਦੇ ਮੋਢੀ ਤੇ ਸੁਤੰਤਰਤਾ ਸੈਨਾਨੀ ਬੰਗ ਬੰਧੂ ਸ਼ੇਖ ਮੁਜੀਬੁਰ ਰਹਿਮਾਨ ਦੀ ਹੱਤਿਆ ਦੇ ਦੋਸ਼ੀਆਂ ਵਿੱਚੋਂ ਇੱਕ ਅਬਦੁਲ ਮਾਜਿਦ ਨੂੰ ਢਾਕਾ ਦੀ ਸੈਂਟਰਲ ਜੇਲ੍ਹ ਵਿੱਚ ਫਾਂਸੀ ਦੇ ਦਿੱਤੀ ਗਈ। ਕਾਨੂੰਨ ਮੰਤਰੀ ਅਨਿਸੁਲ ਹਕ ਨੇ ਦੱਸਿਆ ਕਿ ਮਾਜਿਦ ਨੂੰ ਸ਼ਨੀਵਾਰ ਦੇ ਬਾਅਦ ਰਾਤ 12.01 ਵਜੇ ਫਾਂਸੀ ਦਿੱਤੀ ਗਈ। ਡਾਕਟਰ ਨੇ ਮਾਜਿਦ ਨੂੰ 12.15 ਵਜੇ ਮ੍ਰਿਤਕ ਐਲਾਨ ਕੀਤਾ।

ਜੇਲ੍ਹ ਦੇ ਇੰਸਪੈਕਟਰ ਜਨਰਲ ਬ੍ਰਿਗੇਡੀਅਰ ਜਨਰਲ ਏ ਕੇ ਐੱਮ ਮੁਸਤਫਾ ਕਮਾਲ ਪਾਸ਼ਾ ਨੇ ਕਿਹਾ ਕਿ ਢਾਕਾ ਸੈਂਟਰਲ ਜੇਲ੍ਹ ਦੇ ਕੇਰਾਨੀਗੰਜ ਭੇਜੇ ਜਾਣ ਪਿੱਛੋਂ ਫਾਂਸੀ ਦਿੱਤੇ ਜਾਣ ਦਾ ਇਹ ਪਹਿਲਾ ਮੌਕਾ ਹੈ। ਬੰਗਲਾ ਦੇਸ਼ ਦੀ ਅੱਤਵਾਦੀ ਵਿਰੋਧੀ ਪੁਲਸ ਨੇ ਮਾਜਿਦ ਨੂੰ ਢਾਕਾ ਤੋਂ ਪਿਛਲੇ ਦਿਨੀਂ ਗ੍ਰਿਫਤਾਰ ਕੀਤਾ ਸੀ। ਉਸ ਨੇ ਕਬੂਲ ਕੀਤਾ ਸੀ ਕਿ ਉਹ ਭਾਰਤ ਦੇ ਕੋਲਕਾਤਾ ਵਿੱਚ ਕਰੀਬ 23 ਸਾਲ ਤੋਂ ਲੁਕਿਆ ਸੀ। 15-16 ਮਾਰਚ ਨੂੰ ਢਾਕਾ ਮੁੜਿਆ ਸੀ।

ਸ਼ੇਖ ਮੁਜੀਬੁਰ ਰਹਿਮਾਨ ਦੀ ਹੱਤਿਆ 15 ਅਗਸਤ 1975 ਨੂੰ ਬਗਾਵਤ ਵੇਲੇ ਕੀਤੀ ਗਈ ਸੀ। ਇਸ ਬਗਾਵਤ ਵਿੱਚ ਉਨ੍ਹਾਂ ਦੇ ਪਰਵਾਰ ਦੇ ਬਹੁਤੇ ਮੈਂਬਰਾਂ ਦੀ ਵੀ ਹੱਤਿਆ ਕਰ ਦਿੱਤੀ ਗਈ ਸੀ। ਫੌਜੀ ਅਧਿਕਾਰੀ ਅਬੁਦਲ ਮਾਜਿਦ ਸਮੇਤ 12 ਸਾਬਕਾ ਫੌਜੀਆਂ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ ਸੀ। ਮਾਜਿਦ ਨੇ ਸਜ਼ਾ ਤੋਂ ਬਚਣ ਦੇ ਲਈ ਵੀਰਵਾਰ ਨੂੰ ਰਾਸ਼ਟਰਪਤੀ ਅਬਦੁਲ ਹਮੀਦ ਤੋਂ ਮੁਆਫੀ ਦੀ ਅਪੀਲ ਕੀਤੀ ਸੀ, ਜਿਸ ਨੂੰ ਰਾਸ਼ਟਰਪਤੀ ਨੇ ਰੱਦ ਕਰ ਦਿੱਤਾ ਸੀ।

# ਟਰੰਪ ਦੇ ਹੱਠ ਕਾਰਨ ਮਹਾਮਾਰੀ ਦੀ ਮਾਰ ਹੇਠ ਆਇਆ ਅਮਰੀਕਾ



ਨਿਊਯਾਰਕ, 13 ਅਪ੍ਰੈਲ (ਪੋਸਟ ਬਿਊਰੋ)- ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਮਹਾਮਾਰੀ ਦੇ ਖ਼ਤਰੇ ਬਾਰੇ ਚੌਕਸ ਕੀਤਾ ਗਿਆ ਸੀ, ਪਰ ਉਹ ਇਸ ਨੂੰ ਅਣਗੌਲਿਆਂ ਕਰਦੇ ਰਹੇ ਤੇ ਸੁਨੇਹਿਆਂ ਵੱਲ ਧਿਆਨ ਦੇਣ ਦੀ ਥਾਂ ਅਰਥਚਾਰੇ 'ਤੇ ਧਿਆਨ ਕੇਂਦਰਿਤ ਕਰਦੇ ਰਹੇ। ਇਹ ਗੱਲ ਅਮਰੀਕਾ ਦੀ ਇੱਕ ਮੁੱਖ ਅਖ਼ਬਾਰ 'ਚ ਕਹੀ ਗਈ ਹੈ।

ਨਿਊਯਾਰਕ ਟਾਈਮਜ਼ (ਐਨ ਵਾਈ ਟੀ) ਵਿੱਚ ਛਪੀ ਖ਼ਬਰ 'ਚ ਖੁਲਾਸਾ ਕੀਤਾ ਗਿਆ ਹੈ ਕਿ ਖ਼ੁਫੀਆ ਏਜੰਸੀਆਂ, ਕੌਮੀ ਸੁਰੱਖਿਆ ਸਹਾਇਕਾਂ ਅਤੇ ਸਰਕਾਰ ਦੇ ਸਿਹਤ ਵਿਭਾਗ ਦੇ ਅਧਿਕਾਰੀਆਂ ਨੇ ਆਉਣ ਵਾਲੀ ਮਹਾਮਾਰੀ ਤੇ ਉਸ ਦੇ ਨਤੀਜਿਆਂ ਬਾਰੇ ਚਿਤਾਵਨੀ ਦਿੱਤੀ ਸੀ, ਪਰ ਟਰੰਪ ਨੇ ਸੰਕਟ ਨੂੰ ਗੰਭੀਰਤਾ ਨਾਲ ਨਾ ਲਿਆ। ਨਿਊਯਾਰਕ ਟਾਈਮਜ਼ ਨੇ ਕਿਹਾ, 'ਇਹ ਖ਼ੁਲਾਸਾ ਹੋਇਆ ਹੈ ਕਿ ਰਾਸ਼ਟਰਪਤੀ ਨੂੰ ਮਹਾਮਾਰੀ ਬਾਰੇ ਚਿਤਾਵਨੀ ਦਿੱਤੀ ਗਈ ਸੀ ਪਰ ਅੰਦਰੂਨੀ ਫੁੱਟ, ਯੋਜਨਾ ਦੀ ਘਾਟ ਤੇ ਆਪਣੇ ਸੁਭਾਵਿਕ ਗਿਆਨ 'ਤੇ ਉਨ੍ਹਾਂ ਦਾ ਭਰੋਸਾ ਹੀ ਸੁਸਤ ਪ੍ਰਕਿਰਿਆ ਦੀ ਵਜ੍ਹਾ ਬਣਿਆ।' ਜੌਹਨਜ਼ ਹੌਪਕਿਨਜ਼ ਯੂਨੀਵਰਸਿਟੀ ਦੇ ਅੰਕੜਿਆਂ ਅਨੁਸਾਰ ਅਮਰੀਕਾ ਦੁਨੀਆ ਦਾ ਸਭ ਤੋਂ ਵੱਧ ਪ੍ਰਭਾਵਿਤ ਦੇਸ਼ ਹੈ ਜਿੱਥੇ ਪੰਜ ਲੱਖ 30 ਹਜ਼ਾਰ ਤੋਂ ਵੱਧ ਕੋਰੋਨਾ ਦੇ ਮਾਮਲੇ ਹਨ ਅਤੇ ਉਥੇ 20,.608 ਵਿਅਕਤੀਆਂ ਦੀ ਜਾਨ ਜਾ ਚੁੱਕੀ ਹੈ। ਅਖ਼ਬਾਰ ਨੇ ਕਿਹਾ, 'ਵ੍ਹਾਈਟ ਹਾਊਸ ਦੇ ਸਿਖਰਲੇ ਸਲਾਹਕਾਰਾਂ ਦੇ ਨਾਲ ਹੀ ਮੰਤਰੀ-ਮੰਡਲ ਦੇ ਮਹਿਰਾਂ ਤੇ ਖ਼ੁਫੀਆ ਏਜੰਸੀਆਂ ਨੇ ਚਿਤਾਵਨੀ ਦਿੱਤੀ ਸੀ ਅਤੇ ਕੋਰੋਨਾ ਵਾਇਰਸ ਦੇ ਖਤਰੇ ਨਾਲ ਨਜਿੱਠਣ ਲਈ ਜੰਗੀ ਪੱਧਰ ਦੀ ਕਾਰਵਾਈ ਦੀ ਅਪੀਲ ਕੀਤੀ ਸੀ।' ਟਰੰਪ ਦਾ ਨਜ਼ਰੀਆ ਪ੍ਰਸ਼ਾਸਨ ਦੇ ਅੰਦਰ ਚੀਨ ਨਾਲ ਨਜਿੱਠਣ ਦੇ ਢੰਗ-ਤਰੀਕਿਆਂ ਦੇ ਨਾਲ ਇਸ ਸ਼ੱਕ ਉਤੇ ਵੀ ਆਧਾਰਿਤ ਸੀ ਕਿ ਅਧਿਕਾਰੀਆਂ ਨੂੰ ਇਸ ਲਈ ਦੀ ਪ੍ਰੇਰਿਤ ਕਰ ਰਿਹਾ ਹੈ। ਇਸ ਤੋਂ ਇਲਾਵਾ ਸਿਹਤ ਅਧਿਕਾਰੀਆਂ ਵੱਲੋਂ ਪ੍ਰਗਟਾਏ ਗਏ ਖਦਸ਼ਿਆਂ ਨੂੰ ਅਕਸਰ ਹੀ ਆਰਥਿਕ 'ਤੇ ਸਿਆਸੀ ਵਿਚਾਰਧਾਰਾਵਾਂ ਤੋਂ ਚੁਣੌਤੀ ਮਿਲਦੀ ਸੀ ਜਿਸ ਕਾਰਨ ਫ਼ੈਸਲਾ ਲੈਣ 'ਚ ਦੇਰੀ ਹੋਈ।




ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
### ਸੈਰ ਸਪਾਟੇ ਨਾਲ ਹੁਣ ਕਰੋ ਕਮਾਈ

Flyer Distribution

ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ। ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ

ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।

ਹੋਰ ਜਾਣਕਾਰੀ ਲਈ ਕਾਲ ਕਰੋ। 416-726-9409 647-208-7011

CALL TODAY FOR ANY CLASSIFIED OR MATRIMONIAL AD !!! 905-793-2202

## ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੂੰ:

647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ । ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

## ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ



- 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ
- Biweekly payment
- Homely Environment
- ਵਧੀਆ ਤਨਖਾਹ

Minimum 1 year experience & Trained mechanic

ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

## Security Jobs - Security Guard Training - Licensing

GF1
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ

■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-

We Also Provide All Level's of First Aid & CPR Training

- Emergency First Aid & CPR Level's A.B.C
- Standard First Aid & CPR Level's A.B.C.HCP
- Stay at Home Course
- Baby Sitting Course
- Little Rescuers

H.O: 1332 Khalsa Dr.,Unit 3,2nd Floor,Mississauga, L5S1W5 (Near Dixie Gurdwara)
647-710-7760
Email: info@gf1security.com

1085 Bellamy Rd (N) Unit #210 Scarbrough (Toronto)
647-929-7736
Web: www.gf1security.com

REVIVE EMS · CANADIAN RED CROSS Training Partner

## A/Z CITY DRIVER WANTED

INNOVATION Transportation

- A/Z City Drivers Needed
- Good Pay and good Mileage
- Day, Afternoon & Weekend Shifts
- Weekly Pay

$22 /Hour

7 Days Work · All Shifts Available

Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

## Call for Free Estimates

A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
$1,000

Services:
- Complete Basement
- Tiles
- Bathrooms
- Plumbing
- Laminate
- Hardwood Floor
- Painting

A-1 RENOVATION GTA INC.
22 Listcreek Road, Brampton L6p 2n6

## ਕੀ ਤੁਸੀਂ ਕੰਮ ਲੱਭ ਰਹੇ ਹੋ? ਤਾਂ ਅੱਜ ਹੀ ਕਾਲ ਕਰੋ!

AL EMPLOYMENT SERVICES INC

Looking for Experienced:
- Machine Operators
- AZ-DZ Drivers
- Forklift Driver
- Machine Mechanic
- Millwright's

(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

## HOMELIFE SILVERCITY Realty Inc. Brokerage



Kulwinder Chhina
SALES REPRESENTATIVE
647.293.2327
www.Kulwinderchhina.com

## CELLNTELL DISTRIBUTION INC
### 1-401 Traders Blvd E, Mississauga. ON

Requires F/T Permanent Position. "General Manager Financial Communication and Services to do the following:

- Create and establish finance operational methods /policies or strategies by evaluating trends to increase the growth of business.
- Determine the company's mission and strategic direction as conveyed through policies and concrete objectives which are met through the effective management of human, financial and material resources
- Authorize and organize the establishment of major departments and associated senior staff positions
- Plan, Monitor and review job contributions and compensation strategies.
- Establish productivity, quality and customer service strategies.
- Conduct operation strategies to improve, reduce cost and system enhancement.
- Monitor and Manage support services for accounts and finance. Facilitate coordination and communication between support functions.
- Represent the organization, or delegate representatives to act in negotiations or other official functions.

**Salary: $57 per hour with 35hrs week, Experience:5 yrs, Bachelor's Degree (Required) with English Proficiency.**

Email Resume : umar.w@cellntell.com

## PESTAGON Ltd

PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

## RESIDENTIAL - COMMERCIAL PROPERTY - INDUSTRIAL



KARAM SINGH PUNIAN
Sales Representative

For all your Real Estate Need Call
416.262.2600
Email: karampunian@gmail.com

HomeLife Maple Leaf Realty Ltd.
80 Eastern Ave, Brampton, ON
Tel: 905.456.9090

## ਲੜਕੀ ਦੀ ਲੋੜ

ਰਾਮਗੜ੍ਹੀਆ ਅੰਮ੍ਰਿਤਧਾਰੀ ਲੜਕਾ 6'-2"/24-08-1995 ਕੈਨੇਡਾ ਪੀ ਆਰ ਲਈ ਗੁਰਸਿੱਖ ਲੜਕੀ ਦੀ ਜਰੂਰਤ ਸਟੂਡੈਂਟ/ਵਰਕ ਪਰਮਿਟ ਸੰਪਰਕ ਕਰ ਸਕਦੇ। ਵਟਸਪ ਨੰਬਰ +1-778-237-0011 +91-98150-44205

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਜੱਟ ਸਿਖ, 40 ਸਾਲ ਉਮਰ, 1/5 ਸਾਲਾ ਦਾ ਲੜਕਾ, ਬੀ ਫਾਰਮੇਸੀ, ਅਪਨਾ ਬਿਜ਼ਨਸ ਤੇ ਜ਼ਮੀਨ ਜ਼ਾਇਦਾਦ, ਪੰਜਾਬ ਫੀਰੋਜ਼ਪੁਰ ਤੋ, ਵੀਜ਼ਟਰ ਵਿਜੇ ਤੇ ਆਏ ਲਈ ਪੀ-ਆਰ ਜਾਂ ਵੱਰਕ ਪਰਮਿਟ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿੱਚ ਵੈਲ-ਸੈਟਲਡ ਹੈ। ਸੰਪਰਕ ਕਰੋ: 647-625-5706

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੈਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)



## Matrimonial

Starting at just $10
ਰਿਸ਼ਤੇ ਹੀ ਰਿਸ਼ਤੇ
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਸੁੰਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ।
ਕਾਲ : 647-739-3600 ।

ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉੱਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿੱਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰੇਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7'', ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

ਜੱਟ ਸਿੱਖ ਲੜਕਾ ਗਰੇਵਾਲ, ਉੱਮਰ 35 ਸਾਲ, ਕੱਦ 5'5'', ਪੀ ਆਰ, ਕੈਨੇਡਾ ਵਿੱਚ ਵੈਲ ਸੈਟਲਡ, ਤਲਾਕਸੁਦਾ ਪਰ ਬੇਕਸੂਰ ਅਤੇ ਕੋਈ ਬੱਚਾ ਨਹੀਂ, ਨਸ਼ਾ ਰਹਿਤ, ਪੰਜਾਬ ਵਿੱਚ ਸ਼ਹਿਰੀ ਜ਼ਮੀਨ ਦਾ ਮਾਲਕ ਲਈ ਖਾਨਦਾਨੀ ਲੜਕੀ ਦੀ ਲੋੜ ਹੈ। ਪੀ ਆਰ ਲੜਕੀ ਨੂੰ ਪਹਿਲ। ਲੜਕੇ ਦੇ ਮਾਤਾ ਪਿਤਾ ਸੁਪਰਵੀਜ਼ੇ ਤੇ ਕੈਨੇਡਾ ਆਏ ਹਨ ਅਤੇ ਭੈਣ ਵੇਲ ਸੈਟਲਡ ਹੈ। ਲੜਕੇ ਦਾ ਭਰਾ ਅਮਰੀਕਾ ਵਿੱਚ ਰਹਿੰਦਾ ਹੈ। ਵਧੇਰੀ ਜਾਣਕਾਰੀ ਲਈ ਕਾਲ ਕਰੋ: 647-836-5403

## ਲੜਕੇ ਦੀ ਲੋੜ

ਲੁਬਾਣਾ ਸਿੱਖ ਪਰਿਵਾਰ, ਉੱਮਰ 26 ਸਾਲ, ਕੱਦ 5'5'', ਕੈਨੇਡੀਅਨ ਯੂਨੀਵਰਸਿਟੀ ਤੋਂ ਬੀ ਐਸ ਸੀ ਡੀਗਰੀ ਪ੍ਰਾਪਤ ਕੀਤੀ ਹੈ ਅਤੇ ਆਪਣੀ ਫੀਲਡ ਵਿੱਚ ਹੀ ਚੰਗੀ ਜੋਬ ਕਰ ਰਹੀ ਹੈ ਲਈ ਚੰਗੇ, ਯੋਗ ਅਤੇ ਪੜੇ ਲਿਖੇ ਲੜਕੇ ਦੀ ਲੋੜ ਹੈ। ਜੀ ਟੀ ਏ ਨੂੰ ਪਹਿਲ। ਕਾਲ ਕਰੋ : 647-938-9464

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

" Seeking suitable match for Jat Sikh Canadian citizen , Clean Shaven Handsome Boy. He is 1988 born, 5' 11" tall, slim built and a Non-Vegetarian with a charming personality. He is a Chemical Engineer by profession and working in GTA. Chaste no bar. Please contact with details to 647-818-9481 or email rbains1976@gmail.com. "

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖ਼ੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

## ਲੜਕੇ ਦੀ ਲੋੜ

ਰਾਮਗੜ੍ਹੀਆ ਲੜਕੀ, 1986 ਦਾ ਜਨਮ, ਕੱਦ 5'2'', ਗੋਰਾ ਰੰਗ, ਯੋਗਤਾ ਐਮ.ਸੀ.ਏ., ਕੈਨੇਡੀਅਨ ਇਮੀਗ੍ਰਾਂਟ, ਆਈ.ਟੀ. ਕੰਪਨੀ ਟੋਰਾਂਟੋ ਵਿੱਚ ਪ੍ਰੋਫੈਸ਼ਨਲ ਅਤੇ ਚੰਗੀ ਪੋਸਟ 'ਤੇ ਜੌਬ ਕਰ ਰਹੀ, ਲਈ ਪੜ੍ਹੇ ਲਿਖੇ ਅਤੇ ਯੋਗ ਵਰ ਦੀ ਲੋੜ ਹੈ। ਲੜਕੀ ਦੀਆਂ ਦੋ ਭੈਣਾਂ, ਇੱਕ ਯੂ.ਕੇ. ਅਤੇ ਦੂਜੀ ਇੰਡੀਆ ਵਿੱਚ ਵੈਲ ਸੈਟਲਡ ਹਨ। ਕਿਰਪਾ ਕਰਕੇ ਲੜਕਾ ਆਪਣਾ ਅਤੇ ਆਪਣੇ ਪਰਿਵਾਰ ਦਾ ਸਾਰਾ ਵੇਰਵਾ ਆਪਣੀ ਫੋਟੋ ਸਮੇਤ ਭੇਜੇ। Email jeetsjandu@gmail.com ਜਾਂ ਸਾਨੂੰ ਵਟਸਐਪ ਨੰਬਰ ਤੇ ਸੰਪਰਕ ਕਰ ਸਕਦੇ ਹੋ: +919463328029

ਜੱਟ ਸਿੱਖ ਗਿਲ ਲੜਕੀ, ਉਮਰ 23 ਸਾਲ, ਕੱਦ 5'-3'', ਨੈਨੀ ਬੇਸ ਤੇ ਆਏ ਲੜਕੀ ਲਈ ਕੈਨੇਡੀਅਨ P.R ਜਾਂ ਸਿਟੀਜ਼ਨ ਲੜਕੇ (25 ਤੋਂ 30 ਸਾਲਾ ਉਮਰ) ਦੀ ਲੋੜ ਹੈ। ਸੰਪਰਕ ਕਰੋ: 437-221-4002

ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5'1'', ਸਟਡੀ ਵੀਜੇ ਤੇ ਆਈ, M.A (English) & Education Technology Diploma ਲੜਕੀ ਲਈ, ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ PR ਜਾਂ ਵਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ।ਸੰਪਰਕ ਕਰੋ : 647-994-1985 । 416-494-9943

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6'' ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੱਨ ਨੌਕਰੀ ਕਰਦੀਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5'3'', ਕੈਮੀਕਲਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ' ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710

## UPPAL LAW



AVTAR UPPAL
Manager

IMMIGRATION SERVICES
- Visitor Visa
- Super Visa
- Study,Work,Visitor Extension Visa
- Spousal Applications
- Family Sponsorship
- Permanent Residence Card Renewal
- Citizenship Application
- All Invitation Letters

OTHER PRACTICES
- Criminal Law
- Family Law
- Power of Attorney
- Change of Name
- Notarization
- Travel Consent
- Affidavit
- Landlord and Tenant Matters



AMAN UPPAL
Barrister,Solicitor

FREE Consultation

Tel: 905-500-1507
351 Parkhurst Square, # 16, Brampton,ON L6T 0C2, Fax: 905-672-7848
* PRIOR APPOINTMENT NECESSARY

## ਫੌਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

## STARLANE PAINTING

Residential • Commercial • Industrial
- Hotel • Motel • Exterior
- Interior • Spray Painting
- Office Painting • Drywall Fixing

ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ

7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ



416.230.4000 • 647.409.1092
www.STARLANEPAINTING.com

